ੴ ਸਤਿਗੁਰ ਪ੍ਰਸਾਦਿ ॥

**ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚਿ ਨ ਭਾਵਈ**
**ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰ ਮੇਲਿਐ ਸਚੇ ਸਚਿ ਸਮਾਇ ॥ ੩ ॥**

**Sept: 28 1998.**

**ਵਿਸ਼ਾ** :- **ਪੰਥ-ਪਿਆਰ ਦੇ ਅਥਾਹ ਜਜ਼ਬੇ ਦਾ ਤਰਲਾ ਅਤੇ ਜੋਦੜੀ-ਰੂਪ ਹਾੜਾ**-- (-ਰੂਪ **ਖੁਲ੍ਹੀ ਚਿੱਠੀ**)

ਪਰਮ ਸਤਿਕਾਰਤ ਸ੍ਰੀ ਮਾਨ ਗੁਰਚਰਨ ਸਿੰਘ ਜੀ ਟੋਹੜਾ ਪ੍ਰਧਾਨ ਸ਼੍ਰੋਮਨੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,

ਵਾਹਿਗੁਰੂ ਜੀ ਕਾ ਖ਼ਾਲਸਾ । ਵਹਿਗੁਰੂ ਜੀ ਕੀ ਫ਼ਤਹਿ ॥

**੧)** ਦਾਸ ਨੇ ਮਿਤੀ ੨੦ ਫ਼ਰਵਰੀ ੧੯੯੬ ਨੂੰ ਆਪ ਜੀ ਦੀ ਸੇਵਾ ਵਿਚ **ਇੱਕ ਪੱਤਰ** ਲਿਖ ਕੇ, ਆਪ ਜੀ ਦਾ ਧਿਆਨ ਉਨ੍ਹਾਂ ਗੁਰਮਤਿ ਵਿਰੋਧੀ ਕੁਰੀਤੀਆਂ ਵੱਲ ਦਿਵਾਉਣ ਦਾ ਉਪਰਾਲਾ ਕੀਤਾ ਸੀ ਜੋ ਸ੍ਰੀ ਦਰਬਾਰ ਸਾਹਿਬ ਤੋਂ ਅਰੰਭ ਹੋ ਕੇ ਪੰਥਕ ਆਚਰਨ ਦਾ ਹਿੱਸਾ ਬਣਦੀਆਂ ਹੋਈਆਂ ਪੰਥ ਲਈ ਖ਼ਤਰੇ ਦਾ ਘੜਿਆਲ ਬਣ ਰਹੀਆਂ ਹਨ। ਉਸੇ ਚਿੱਠੀ ਦੇ ਨੌਂਵੇ ਪੈਰੇ ਵਿਚ ਆਪ ਜੀ ਦਾ ਧਿਆਨ ਅਜੋਕੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਦੀ ਨਿਯੁਕਤੀ-ਚੋਣ ਨੂੰ ਵੀ ਪੰਥ ਲਈ ਅਸ਼ੁੱਭ ਹੋਣ ਦੀ ਦੁਹਾਈ ਦਿੰਦਿਆਂ ਤਰਲਾ ਲਿਆ ਸੀ ਕਿ ਇਹ ਪਦਵੀ ਕਿਸੇ ਨੂੰ ਕਤਲ ਕਰਨ ਦੇ ਇਨਾਮ ਵਜੋ ਨਹੀਂ ਦਿੱਤੀ ਜਾਣੀ ਚਾਹੀਦੀ ਸਗੋਂ ਪੂਰਨ ਤੌਰ ਤੇ ਹਰ ਪੱਖੋਂ ਯੋਗ ਗੁਰਮੁਖ ਵਿਦਵਾਨ ਦੇ ਹਵਾਲੇ ਕੀਤੀ ਜਾਣ ਦੀ ਪਾਬੰਦੀ ਹੋਣੀ ਚਾਹੀਦੀ ਹੈ। ਕਈ ਗੁਰੂ ਬਾਣੀ ਪਰਮਾਣਾ ਦੇ ਅਧਾਰ ਤੇ ਲਿਖੀ ਉਹ ਨਿਮਾਣੀ ਪੱਤ੍ਰਕਾ ਸ਼ਾਇਦ ਤੁਸਾਂ ਪੜ੍ਹਨੀ ਹੀ ਪਸੰਦ ਨਾ ਕੀਤੀ ਹੋਵੇ ?

**੨)** ਜਦ ਜੇਲ੍ਹ ਵਿਚੋਂ ਰਿਹਾ ਹੋ ਕੇ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਤਖ਼ਤ ਨਸ਼ੀਨੀ ਵਾਲੇ ਕਥਿਤ ਸਮਾਗਮ ਤੋਂ ਪਹਿਲਾਂ ਕੈਨੇਡਾ ਦੇਸ਼ ਦੇ ਵਿਕਟੋਰੀਆ ਸ਼ਹਿਰ ਦੇ ਵਸਨੀਕ ਭਾਈ ਬੁਧ ਸਿੰਘ ਦੇ ਹੱਥੀਂ, ਕਰੀਬ ੩੦ ਗੁਰੂ ਫ਼ੁਰਮਾਨਾਂ ਦੇ ਅਧਾਰ ਤੇ ਲਿਖਿਆ **ਜੋਦੜੀ ਪੱਤਰ** ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਕਰਕੰਵਲਾਂ ਤੱਕ ਪੁਚਾਇਆ ਸੀ ਕਿ, ਉਹ ਇਸ ਪਦਵੀ ਦੇ ਯੋਗ ਨਹੀਂ ਹਨ । ਉਸ ਪੱਤਰ ਦੇ ਛੇਵੇਂ ਪੈਰੇ ਵਿਚ ਉਨ੍ਹਾਂ ਭਾਣਿਆਂ ਦੇ ਵਾਪਰਥਣ ਦਾ ਤੌਖਲਾ ਪ੍ਰਗਟਾਇਆ ਹੋਇਆ ਹੈ ਜੋ ਜਥੇਦਾਰ ਜੀ ਅੱਜ ਵਰਤਾ ਰਹੇ ਹਨ। ਉਚੇਚੇ ਧਿਆਨ ਨਾਲ ਵਿਚਾਰਨ ਦਾ ਮਸਲਾ ਹੈ ਕਿ, ਕਿਸ ਸ਼ਕਤੀ ਨੇ **ਉਹ ਭਵਿਖ ਬਾਣੀ** ਇਸ ਨਿਮਾਣੇ ਦਾਸਰੇ ਤੋਂ ਲਿਖਵਾਈ ਸੀ?

**੩) ਦੁਹਾਈ ਹੈ ਦਸ਼ਮੇਸ਼ ਜੀ ਦੇ ਨਾਮ ਦੀ, ਕਿ ਉਪ੍ਰੋਕਤ ਦੋਵੇਂ ਪੱਤਰ ਆਪਣੇ ਦਫ਼ਤਰ ਵਿਚੋਂ ਕਢਵਾ ਕੇ ਪੜ੍ਹ ਲੈਣ ਦਾ ਸਮਾਂ ਕੱਢਣ ਦੀ ਖੇਚਲ ਝੱਲ ਲਵੋ**--

## ਗੁਰਮਤਿ ਮਰਯਾਦਾ ਅਤੇ ਬਚੀ ਖੁਚੀ ਖਾਲਸਈ ਸ਼ਾਨ ਲਈ, ਬਣ ਰਹੇ ਗੰਭੀਰ ਖ਼ਤਰੇ ਦਾ ਘੜਿਆਲ ?

**(ੳ)** ਜਥੇਦਾਰ ਸਾਹਿਬ ਨੇ ਕੈਲੀਫੋਰਨੀਆਂ (ਅਮਰੀਕਾ) ਦੇ ਵਸਨੀਕ ਕਰਨੈਲ ਸਿੰਘ ਖ਼ਾਲਸਾ ਨਾਮੀ ਪਹਿਲਾਂ ਤੋਂ ਅਨਜਾਣ ਮੁਨੁੱਖ ਨਾਲ ਜੋ ਗੱਲ ਬਾਤ ਕੀਤੀ ਸੀ ਉਸ ਪ੍ਰਤੀ ਦਾਸ ਨੇ **੧੧ ਅਗਸਤ ੧੯੯੮** ਨੂੰ ਜਥੇਦਾਰ ਸਾਹਿਬ ਦੀ ਸੇਵਾ ਵਿਚ **ਚਿੱਠੀ** ਲਿਖ ਕੇ ਉਨ੍ਹਾਂ ਦਾ ਧਿਆਨ, ਗੁਰੂ ਬਾਣੀ ਸ਼ਬਦਾਂ ਦੇ ਅਧਾਰ ਤੇ ਉਨ੍ਹਾਂ ਗੁਰਮਤਿ ਵਿਰੋਧੀ ਗੱਲਾਂ ਵੱਲ ਦਿਵਾਇਆ, ਜੋ ਪੰਥ ਦੇ ਭਵਿੱਖ ਲਈ ਸ਼ੁੱਭ ਨਹੀਂ ਹਨ। ਪਰ ਜਥੇਦਾਰ ਸਾਹਿਬ ਅਹੰਕਾਰ ਦੇ ਜਿਸ ਸਿਖਰ ਤੇ ਜਾ ਬਿਰਾਜੇ ਹੋਏ ਹਨ ਉਥੇ ਦਾਸ ਵਰਗੇ ਨਿਮਾਣੇ ਬਿਰਧ ਦੀ ਚੀਕ ਪੁਕਾਰ ਨਹੀਂ ਪਹੁੰਚ ਰਹੀ। **ਉਹ ਚਿੱਠੀ ਆਪ** ਜੀ ਦੀ ਗਿਆਤ ਲਈ ਇਸ ਪੱਤਰ ਦੇ ਨਾਲ ਤੁਹਾਡੀ ਸੇਵਾ ਵਿਚ ਵੀ ਭੇਜੀ ਜਾ ਰਹੀ ਹੈ ।

**(ਅ)** ਅੱਜ ਮਿੱਤੀ ੨੮ ਸਤੰਬਰ ੧੯੯੮ ਨੂੰ ਕੇਵਲ ੨੦ ਮਿੰਟ ਪਹਿਲਾਂ ਡਾਕ ਦੁਆਰਾ ਇਕ ਟੇਪ (Audio Cassette ) ਪ੍ਰਾਪਤ ਹੋਈ ਹੈ ਜਿਸ ਵਿਚਲੇ ਜਿਨ੍ਹਾਂ ਬਚਨਾਂ ਨੇ ਦਾਸ ਨੂੰ ਝੱਟ ਪੱਟ ਆਪ ਜੀ ਦੇ ਦਰਬਾਰ ਵਿਚ ਫਰਿਆਦ ਪੁਚਾਉਣ ਲਈ ਮਜਬੂਰ ਕੀਤਾ ਹੈ ਉਨ੍ਹਾਂ ਦੀ ਵਿਥਿਆ ਇਸ ਪ੍ਰਕਾਰ ਹੈ-- ੪-੯-੧੯੯੮ ਨੂੰ ਸਿੰਘ: ਸਾਹਿਬ ਭਾਈ ਰਣਜੀਤ ਸਿੰਘ ਜੀ ਕੋਲੋਂ ਕੁਝ ਵਿਦੇਸ਼ੀ ਸਿੱਖਾਂ ਨੇ ਸਵਾਲ ਪੁਛੇ ਜੋ ਰੇਡੀਉ ਤੇ ਪਰਸਾਰਨ ਹੋ ਰਹੇ ਸਨ । ਸਿੰਘ ਸਾਹਿਬ ਦੇ ਭਾਸ਼ਨ ਦਾ ਅਰੰਭਕ ਫ਼ੁਰਮਾਨ ਇਸ ਪ੍ਰਕਾਰ ਹੈ:--

> **" ਇਹ ਪਰਮਾਤਮਾ ਦੀ ਮਰਯਾਦਾ ਹੈ--ਜਿਥੇ ਜੂਠ ਹੋਵੇਗੀ ਉਥੇ ਝੂਠ ਹੋਵੇਗਾ ਜਿਥੇ ਸੁੱਚ ਹੋਵੇਗੀ**
> **ਉਥੇ ਸਚੁ ਹੋਵੇ ਗਾ ਤੇ ਮਹਾਰਾਜ ਕਹਿੰਦੇ ਨੇ--ਸਚੁ ਮਿਲਿਆ ਤਿਨ ਸੋਫੀਆਂ ਰਾਖਣ ਕਉ ਦਰਵਾਰ ॥ "**

ਖ਼ਾਲਸਾ ਜੀ ਦੇ ਭਵਿਖ ਬਾਰੇ **ਸਭ ਚੰਗਾ** ਕਿਵੇਂ ਮੰਨ ਲਿਆ ਜਾਵੇ ਜਦ ਪੰਥ ਦੀ ਸਰਬ ਉੱਚ ਪਦਵੀ ਤੇ ਬਿਰਾਜਮਾਨ, ਧਾਰਮਿਕ ਆਗੂ ਨੂੰ, ਇਹ ਵੀ ਗਿਆਨ ਨਾ ਹੋਵੇ ਕਿ, ਸਾਡੇ ਖ਼ਸਮ-ਗੁਰਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ **ਸੁਚਿ, ਸਚੁ, ਜੂਠ** ਅਤੇ **ਝੂਠ** ਕਿਸ ਨੂੰ ਮੰਨਿਆ ਹੈ ? ਇਸ ਖੁਲ੍ਹੀ ਚਿੱਠੀ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ - ਸੁਚਿ, ਸਚੁ, ਜੂਠ, ਝੂਠ ਪ੍ਰਤੀ ਕੁਝ ਗੁਰੂ ਬਾਣੀ ਫ਼ੁਰਮਾਨ :---

**(ੳ) ਗੁਰੂ ਬਾਣੀ ਅਤੇ ਸੁਚਿ-**

**ਸਿੰਘ ਸਾਹਿਬ ਜੀ** ਪਤਾ ਨਹੀਂ ਕਿਸ ਪ੍ਰਕਾਰ ਦੀ **ਸਰੀਰਕ ਸੁਚਿ** ਨੂੰ **ਸਚੁ** ਦੀ ਪ੍ਰਾਪਤੀ ਦਾ ਸਾਧਨ ਘੋਸ਼ਤ ਕਰ ਰਹੇ ਹਨ ? ਉਂਜ ਬ੍ਰਾਹਮਣ ਦੀ ਮਿਥੀ ਹੋਈ ਫੋਕੀ ਸੁਚਿ ਬਾਰੇ ਸਤਿਗੁਰਾਂ ਦੇ ਫ਼ੁਰਮਾਨ ਇਸ ਪ੍ਰਕਾਰ ਹਨ :--

੧- **ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ, ਕੋਇ ਨ ਭਿਟਿਓ ਜਾਇ ॥**
**ਸੁਚਾ ਹੋਇ ਕੈ ਜੇਵਿਆ, ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ, ਕਿਸੁ ਇਹੁ ਲਗਾ ਦੋਖੁ ॥**

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ॥ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ ੧ ॥ [੪੭੩]-੧੯

ਸੁੱਚਾ ਕੌਣ ਹੈ:--

੨- ਤਨੁ ਸੁਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥
ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥ ੨ ॥[੧੯]--੧੫

੩- ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥
ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥ ੪ ॥[੮੬੧]--

ਸਤਿਗੁਰਾਂ ਨੇ ਜੂਠ ਕਿਸ ਨੂੰ ਮੰਨਿਆਂ ਹੈ:--

੪- ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖ ਝੂਠੈ ਝੂਠ ਬੋਲਣਾ
ਕਿਉਂ ਕਰਿ ਸੂਚਾ ਹੋਇ ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥ ੧ ॥ [੫੫]-੫

ਗੁਰਦੁਆਰੇ ਅੰਦਰ ਸੰਗਤਿ ਦੀ ਭੀੜ ਇੱਕ ਦੂਜੇ ਦੇ ਸੁਆਸਾਂ ਦੁਆਰਾ, ਅਥਵਾ ਗੱਲ ਬਾਤ ਤੋਂ ਨਿਕਲਦੀ ਮੂੰਹ ਦੀ ਥੁਕ ਰਲੀ ਹਵਾੜ ਇਕ ਦੂਜੇ ਦੇ ਅੰਦਰ ਜਾ ਰਹੀ ਹੁੰਦੀ ਹੈ। ਮਿੱਲਾਂ, ਕਾਰਖ਼ਾਨਿਆਂ, ਗੱਡੀਆਂ, ਮੋਟਰਾਂ ਆਦਿ ਵਿਚ ਸੜਦੇ ਕੋਲੇ, ਤੇਲ ਦਾ ਧੂਆਂ, ਬੇਅੰਤ ਥਾਂਈਂ ਮਰੇ ਪਏ ਪਸ਼ੂ ਪੰਖੀਆਂ ਦੀਆਂ ਗਲੀਆਂ ਸੜੀਆਂ ਲੋਥਾਂ ਦੀ ਅਤੇ ਬੇਅੰਤ ਤਰ੍ਹਾਂ ਦੇ ਗੰਦੇ ਢੇਰਾਂ ਆਦਿ ਦੀ ਸੜਾਂਦ, ਵਾਯੂ ਮੰਡਲ ਨੂੰ ਨਿਰੰਤਰ ਦੂਸ਼ਤ ਕਰੀ ਤੁਰੀ ਜਾ ਰਹੀ ਹੈ। ਜੇ ਸਾਡੇ ਨੱਕ ਦੀ ਝਿੱਲੀ ਅਤੇ ਹਵਾ ਨੂੰ ਨਿਰੰਤਰ ਸਾਫ਼ ਕਰੀ ਰੱਖਣ ਵਾਲੇ ਫੇਫੜੇ ਜ਼ਰਾ ਵੀ ਕੰਮ ਕਰਨੋ ਹਟ ਜਾਣ ਤਾਂ ਜੀਵਨ ਮਹਾਲ ਹੋ ਜਾਏ। ਪਾਣੀ ਵਿਚ ਬੇਅੰਤ ਤਰ੍ਹਾਂ ਦੇ ਵਡੇ ਨਿਕੇ (ਕਿਟਾਣੂੰ-ਰੂਪ) ਜੀਵਾਂ ਦਾ ਜਨਮ ਮਰਨ ਨਿਰੰਤਰ ਹੁੰਦਾ ਰਹਿੰਦਾ ਹੈ । ਏਸੇ ਕਿਰਿਆ ਤੋਂ ਸਤਿਗੁਰਾਂ ਦਾ ਫ਼ੁਰਮਾਨ--**ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥** ਜਿਸ ਸੁਚਿ ਅੱਜ ਜਥੇਦਾਰ ਜੀ ਪਰਮਾਤਮਾ ਨਾਲ ਮਿਲਣ ਦਾ ਸਾਧਨ ਦੱਸ ਰਹੇ ਹਨ, ਉਹ **ਸੁਚਿ** ਕਾਦਰ ਦੇ ਭੰਡਾਰੇ ਵਿਚੋਂ ਲੱਭਣ ਦਾ ਯਤਨ ਕੁਦਰਤੀ ਨਿਯਮਾ ਦਾ ਵਿਰੋਧ ਕਰਨ ਦੀ ਮੂਰਖਤਾਈ ਹੈ। ਤਦੇ ਹੀ ਤਾਂ ਪੂਰਨ ਸਤਿਗੁਰੂ ਗ੍ਰੰਥ ਸਾਹਿਬ ਜੀ, ਸੁੱਚੇ ਥਾਂ ਦੀ ਭਾਲ ਕਰਨ ਵਾਲੇ ਬ੍ਰਾਹਮਣ ਨੂੰ ਇਉਂ ਫ਼ੁਰਮਾ ਰਹੇ ਹਨ:--

੫- **ਮਾਤਾ ਜੂਠੀ, ਪਿਤਾ ਭੀ ਜੂਠਾ, ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ, ਜੂਠੇ ਮਰਹਿ ਅਭਾਗੇ ॥ ੧ ॥ ਕਹੁ ਪੰਡਿਤ, ਸੂਚਾ ਕਵਨੁ ਠਾਉ ॥ ਜਹਾ ਬੈਸਿ ਹਉ ਭੋਜਨੁ ਖਾਉ ॥ ੧ ॥ ਰਹਾਉ ॥ ਜਿਹਬਾ ਜੂਠੀ, ਬੋਲਤ ਜੂਠਾ, ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ, ਬ੍ਰਹਮ ਅਗਨਿ ਕੇ ਲੂਠੇ ॥੨॥ ਅਗਨਿ ਭੀ ਜੂਠੀ, ਪਾਨੀ ਜੂਠਾ, ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ, ਜੂਠੇ ਹੀ ਬੈਠਿ ਖਾਇਆ ॥੩॥ ਗੋਬਰਿ ਜੂਠਾ, ਚਉਕਾ ਜੂਠਾ, ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ, ਸਾਚੀ ਪਰੀ ਬਿਚਾਰਾ ॥ ੪ ॥** ੧੧੯੫]-੧-੭

ਇਸ ਫ਼ੁਰਮਾਨ ਵਿਚ ਸਤਿਗੁਰਾਂ ਨੇ ਕੇਵਲ ਉਸੇ ਨੂੰ ਹੀ ਸੁਚਾ ਮੰਨਿਆਂ ਹੈ ਜਿਸ ਨੂੰ ਵਾਹਿਗੁਰੂ ਜੀ ਦੀ ਸੋਝੀ ਆ ਚੁੱਕੀ ਹੈ। ਜੋ ਮਨੁੱਖ ਉਸ **ਪਰਮ ਸਚੁ** ਦੀ ਵਿਚਾਰ ਨਾਲ ਜੁੜ ਗਿਆ ਬਸ ਉਹੀ **ਸੁਚਾ** ਹੈ, **ਨਹੀਂ ਤਾਂ ਸਭ ਜੂਠੇ ।**

ਅਰੋਗਤਾ ਨੂੰ ਮੁੱਖ ਰੱਖ ਕੇ ਇਸ਼ਨਾਨ ਕਰਨਾ ਅਤੇ ਹਰ ਪਰਕਾਰ ਦੀ ਸਫ਼ਾਈ ਰੱਖਣੀ, ਬੜਾ ਉੱਤਮ ਉੱਦਮ ਹੈ ਪਰ ਬ੍ਰਾਹਮਣੀ ਅਰਥਾਂ ਵਾਲੀ ਸੁੱਚਮ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਥਾਂ ਨਹੀਂ ਹੈ। ਸੰਸਾਰ ਤੇ ਰਾਜ ਕਰ ਰਹੀਆਂ ਕੌਮਾਂ (ਈਸਾਈ, ਮੁਸਲਮਾਨ, ਯਹੂਦੀ ਆਦਿ) ਦੀ (ਅੰਗ੍ਰੇਜ਼ੀ, ਅਰਬੀ, ਫ਼ਾਰਸੀ, ਫ੍ਰੰਸੀਸੀ, ਜਰਮਣੀ, ਰੂਸੀ, ਆਦ) ਕਿਸੇ ਵੀ ਬੋਲੀ ਦੇ **ਸ਼ਬਦਕੋਸ਼** ਵਿਚ **ਸੁੱਚ** ਅਤੇ **ਜੂਠ** ਸ਼ਬਦ ਨਹੀਂ ਮਿਲਦੇ । ਏਵੇ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬ੍ਰਾਹਮਣੀ ਅਰਥਾਂ ਵਾਲੀ **ਸੁੱਚ** ਜਾਂ **ਜੂਠ** ਲਫ਼ਜ਼ ਹੈ ਹੀ ਨਹੀਂ। ਗੁਰੂ ਬਾਣੀ ਵਿਚ ਸੁੱਚ ਰੱਖਣ ਨਾਲ ਸੱਚ ਦੀ ਪਰਾਪਤੀ ਹੋ ਸਕਣ ਦਾ ਇਸ਼ਾਰਾ ਤੱਕ ਨਹੀਂ ਮਿਲਦਾ । ਸਗੋਂ ਸਤਿਗੁਰਾਂ ਦਾ ਫ਼ੁਰਮਾਨ ਹੈ-- **ਸੁਚ ਹੋਵੈ ਤਾ**--ਭਾਵ, ਅਸਲੀ ਸੁੱਚ ਤਦ ਹੁੰਦੀ ਹੈ ਜੇ-- **ਸਚੁ ਪਾਈਐ ॥** ਜੇ **ਆਦਿ ਸਚੁ ਜੁਗਾਦਿ ਸਚੁ** ਨਾਲ ਅਭੇਦ ਹੋ ਜਾਈਏ। ਭਾਵ ਅਕਾਲਪੁਰਖ ਨਾਲ ਇੱਕ ਮਿੱਕ ਹੋਇਆਂ ਅਸਲੀ **ਸੁੱਚ** ਬਣਦੀ ਹੈ । ਬਾਕੀ ਸਭ ਥਾਂ ਪੱਖੰਡ-ਸੁੱਚ ਦਾ ਹੀ ਰੋਲ-ਘਚੋਲਾ ਹੈ ।

**ਕਿਡੀ ਵਡੀ ਪੰਥਕ ਬਦਕਿਸਮਤੀ** ਆ ਬਣੀ ਹੈ ਕਿ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰੀ ਅਜੇਹੇ ਅਗਿਆਨੀ ਵਿਅਕਤੀ ਨੂੰ ਸੌਂਪ ਦਿੱਤੀ ਗਈ ਹੈ ਜੋ ਪੰਥ ਨੂੰ ਉਲਟੀ ਪੱਟੀ ਪੜ੍ਹਾ ਰਹੇ ਹਨ । ਅਖੇ, **ਸੁਚਿ** ਰਖਿਆਂ **ਸਚੁ** (-ਸਦਾ ਥਿਰ ਵਾਹਿਗੁਰੂ) ਦੀ ਪ੍ਰਾਪਤੀ ਹੋ ਜਾਂਦੀ ਹੈ ।

## ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਝੂਠ --

ਆਚਰਨ ਵਿਚ ਗਿਰਾਵਟ ਲਿਆਉਣ ਵਾਲੇ ਕਰਮ--**ਪਰਹਰਿ ਕਾਮ ਕ੍ਰੋਧ ਝੂਠੁ ਨਿੰਦਾ ॥** (ਵਾਰ ਮਾਝ ਮ: ੪) ਝੂਠੇ ਦੀ ਨਾ ਪਤਿ ਨਾ ਨਾਮਣਾ---**ਝੂਠੇ ਕਉ ਨਾਹੀ ਪਤਿ ਨਾਉ ॥ ਕਬਹੂ ਨ ਸੂਚਾ ਕਾਲਾ ਕਾਉ ॥** (ਬਿਲਾਵਲ ਥਿਤੀ ਮ: ੧) **ਸੋ ਝੂਠਾ ਜੋ ਝੂਠੈ ਲਾਗੈ ਝੂਠੇ ਕਰਮ ਕਮਾਈ ॥** (ਗੂਜ ਮ: ੩) **(ਝੂਠੇ ਲਾਗੈ=**ਨਾਸਵੰਤ ਸੰਸਾਰੀ ਪਦਾਰਥਾਂ ਨਾਲ ਮੋਹ**)**

**ਆਪਣੇ ਉਨ੍ਹਾਂ ਉਪ੍ਰੋਕਤ ਲਿਖਤ ਬਚਨਾਂ** ਨੂੰ ਗੁਰਮਤਿ ਸਿੱਧ ਕਰਨ ਲਈ ਗੁਰੂ ਬਾਣੀ ਦੀ ਇਕੋ ਇੱਕ--**ਸਚੁ ਮਿਲਿਆ ਤਿਨ ਸੋਫੀਆਂ ਰਾਖਣ ਕਉ ਦਰਵਾਰ ॥ ਵੀ ਅਸ਼ੁਧ ਅਰਥਾਂ ਵਿਚ ਵਰਤ ਕੇ ਗੁਰੂ ਬਾਣੀ ਦਾ ਤ੍ਰਿਸਕਾਰ ਕੀਤਾ ਹੈ। ਉਸ ਤੁਕ ਦਾ ਸੰਬੰਧ ਬਾਹਰੀ ਸੁੱਚਮ ਨਾਲ ਮੁਢੋਂ ਹੀ ਕੋਈ ਨਹੀਂ । ਸਿਰੀ ਰਾਗ ਵਿਚ ਉਚਾਰੇ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਪੰਜਵੇ ਗੁਰੂ-ਸ਼ਬਦ ਦੀ ਪਹਿਲੀ ਤੁਕ ਅਰਥਾਂ ਸਮੇਤ ਇਸ ਪ੍ਰਕਾਰ ਹੈ--**

**ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ**

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ

**ਦਿਨ ਚਾਰਿ ॥ ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥ ੧ ॥[੧੫]-੫**

**ਅਰਥ:--ਦੇਣਹਾਰ ਪ੍ਰਭੂ ਨੇ ਆਪ ਹੀ ਜਗਤ ਦਾ ਮੋਹ-ਰੂਪ ਅਫ਼ੀਮ ਦਾ ਗੋਲਾ ਜੀਵ ਨੂੰ ਦਿੱਤਾ ਹੋਇਆ** ਹੈ। (ਇਸ ਮੋਹ-ਅਫ਼ੀਮ ਨੂੰ ਖਾ ਕੇ) ਮਸਤ ਹੋਈ ਜਿੰਦ ਨੇ ਮੌਤ ਭੁਲਾ ਦਿੱਤੀ ਹੈ, ਚਾਰ ਦਿਨ ਜ਼ਿੰਦਗੀ ਵਿਚ ਰੰਗ ਰਲੀਆਂ ਮਾਣ ਰਹੀ ਹੈ। ਜਿਨ੍ਹਾਂ ਨੇ ਮੋਹ-ਨਸ਼ਾ ਛੱਡ ਕੇ ਪਰਮਾਤਮਾ ਦਾ ਦਰ ਮੱਲਣ ਦਾ ਆਹਰ ਕੀਤਾ, ਉਨ੍ਹਾਂ ਨੂੰ ਸਦਾ ਥਿਰ ਰਹਣ ਵਾਲਾ ਪ੍ਰਭੂ ਮਿਲ ਪਿਆ।੧। ਗੁਰਮੁਖਿ ਪਿਆਰੇ ਸਾਹਿਬ ਸਿੰਘ ਜੀ ਨੇ ਤਾਂ ਇਉਂ ਲਿਖਿਆ ਹੈ, ਪਰ, **ਸਤਿਕਾਰਤ ਟੌਹੜਾ ਸਾਹਿਬ ਜੀਓ**--ਤੁਹਾਡੀ ਚੋਣ ਕੀ ਫ਼ੁਰਮਾ ਰਹੀ ਹੈ ?

**(ਅ)** ਕਿਸੇ **ਪੰਨੂੰ** ਸਾਹਿਬ ਨੇ ਜਥੇਦਾਰ ਜੀ ਤੋਂ ਉਨ੍ਹਾਂ ਵਿਰੁੱਧ ਅੰਮ੍ਰਿਤਸਰ ਵਿਖੇ ੩੫ ਲੱਖ ਦੀ ਜਾਇਦਾਦ ਖ਼ਰੀਦਣ ਦੇ ਦੂਸ਼ਨ ਬਾਰੇ ਸਵਾਲ ਕੀਤਾ ਤਾਂ ਜਥੇਦਾਰ ਸਾਹਿਬ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਜੇਹੇ ਕਿਸੇ ਵੀ ਦੂਸ਼ਨ ਦੀ ਖੰਡਨਾਂ ਕੀਤੀ। ਫਿਰ ਉਸੇ ਪੰਨੂ ਸਾਹਿਬ ਨੇ ਇੱਕ ਟੇਪ ਦੇ ਅਧਾਰ ਤੇ ਜਥੇਦਾਰ ਜੀ ਤੋ ਪੁਛਿਆ ਕਿ, ਕੀ, ਉਨ੍ਹਾਂ ਕੈਲੇਫੋਰਨੀਆ ਦੇ ਕਿਸੇ ਕਰਨੈਲ ਸਿੰਘ ਖਾਲਸਾ ਕੋਲੋ **ਵੀ ਪੈਸੇ ਮੰਗੇ** ਸਨ ? ਜਥੇਦਾਰ ਜੀ ਦੇ ਰੋਹ ਭਰੇ ਬਚਨ----

ਅਗਰ ਟੇਪ ਦੇ ਵਿਚ ਰੀਕਾਰਡ ਹੈ ਕਿ ਮੈ ਪੰਜ ਲੱਖ ਰੁਪਈਏ ਕਿਸੇ ਕਰਨੈਲ ਸਿੰਘ ਕੈਲੇਫ਼ੋਰਨੀਆ ਦੇ
ਸਿੱਖ ਤੋਂ ਮੰਗਿਆ ਤਾਂ ਮੈ ਗੁਨਾਹਗਾਰ ਹੋਵਾਂਗਾ ਜੋ ਸੰਗਤਿ ਮੈਨੂੰ ਸਜ਼ਾ ਦੇਵੇ ਮੈ ਉਸ ਨੂੰ ਸਵੀਕਾਰ ਕਰਾਂਗਾ " --

( ਧਿਆਨ ਦੇਣ ਵਾਲੀ ਗਲ--ਪੰਨੂੰ ਜੀ ਨੇ **ਪੈਸੇ** ਕਿਹਾ ਸੀ ਪਰ **ਪੰਜ ਜਥੇਦਲਰ ਜੀ ਲੱਖ** ਦੇ ਰੁਪਈਏ--**ਸਿਰ ਚੜ੍ਹ ਬੋਲਿਆ** ?)

ਉਸ ਟੇਪ ਵਿਚ **ਜ਼ਰਾ ਠਹਿਰੋ** ਆਦਿ ਆਵਾਜ਼ਾਂ ਸੁਣੀਆਂ ਜਾਂਦੀਆਂ ਹਨ, ਅਨੁਮਾਣ ਲੱਗਦਾ ਹੈ ਕਿ ਪੰਨੂੰ ਸਾਹਿਬ ਸ਼ਾਇਦ ਉਹੀ ਟੇਪ ਵਜਾ ਕੇ ਸੁਨਾਉਣਾ ਚਾਹੁੰਦੇ ਸਨ ਜਿਸ ਜ਼ਿਕਰ ਦਾਸ ਨੇ ਉਪ੍ਰੋਕਤ ਪੈਰਾ ਨੰਬਰ **੨** ਵਿਚ ਕੀਤਾ ਹੈ। ਜੋਸ਼ ਵਿਚ ਆਏ ਜਥੇਦਾਰ ਜੀ ਫੋਰਡ ਗੱਡੀ ਮਿਲਣ ਦਾ ਵੀ ਜ਼ਿਕਰ ਕਰਨ ਉਪ੍ਰੰਤ ਅੰਮ੍ਰਿਤਸਰ ਵਿਚ ੩੫ ਲੱਖ ਦੀ ਜਾਇਦਾਦ ਬਨਾਉਣ ਦੀ ਉਹੀ ਗੱਲ, ਜਿਸ ਤੋਂ ਸਾਫ਼ ਮੁੱਕਰ ਗਏ ਸਨ, ਆਪ ਹੀ ਮੰਨਦੇ ਹੋਏ ਕਹਿੰਦੇ ਹਨ ਕਿ--**ਜੇ** (੩੫ ਲੱਖ ਦੇ ਥਾਂ) ***੩੭ ਲੱਖ ਦੀ ਜਾਇਦਾਦ ਬਣਾ ਲਈ ਤਾਂ ਇਸ ਵਿਚ ਹਰਜ ਹੀ ਕੀ ਹੈ***--- ਆਦਿ। ਦਾਸ ਦੋਵੇਂ ਟੇਪਾਂ ਇਕੋ ਥਾਂ ਰੀਕਾਰਡ ਕਰਕੇ ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹੈ। ਸਰਬ ਉੱਚ ਪਦਵੀ ਤੇ ਬੈਠ ਕੇ ਆਪ ਜੀ ਦੇ ਚੁਣੇ ਜਥੇਦਾਰ ਜੀ ਨੇ ਜਿਸ ਪ੍ਰਕਾਰ ਦਲੇਰੀ ਨਾਲ ਰੇਡੀਓ ਤੇ ਝੂਠ ਬੋਲ ਕੇ ਕੌਮੀ ਵਕਾਰ ਨੂੰ ਮਿੱਟੀ ਵਿਚ ਰੋਲਿਆ ਹੈ-- ਆਪਣੇ ਕੰਨੀ ਸੁਣ ਲੈਣਾ।

**(ੲ)** ਇਕ ਸੁਆਲ ਦੇ ਜਵਾਬ ਵਿਚ ਜਥੇਦਾਰ ਜੀ ਦੇ ਬਚਨ **--ਮੈਂ ਸਿਰ ਲੈ ਵੀ ਸਕਦਾ ਹਾਂ ਅਤੇ ਸਿਰ ਦੇ ਵੀ ਸਕਦਾ ਹਾਂ**-- ਜਥੇਦਾਰ ਜੀ ਨੇ ਸਿਰ ਤਾਂ ਕਿਸੇ ਦਾ ਕੀ ਲੈਣਾ ਹੈ, ਇਨ੍ਹਾਂ ਵਿਚ, ਵਿਸ਼ਵਾਸ਼ਘਾਤ ਨਾਲ ਲੁਕ ਕੇ ਗੋਲੀ ਮਾਰ ਕੇ ਖਿਸਕ ਜਾਣ ਦੀ ਨਿਪੁੰਨਤਾ ਜ਼ਰੂਰ ਹੈ। ਸੋ ਸਿਰ ਲੈਣ ਤੋਂ ਇਨ੍ਹਾਂ ਦਾ ਭਾਵ, ਕਿਸੇ ਦੀ ਜਾਨ ਲੈਣ ਤੋਂ ਅਤੇ ਆਪਣੀ **ਜਾਨ ਦੇਣ** ਤੋਂ ਹੀ ਬਣਦਾ ਹੈ। ਅਜੇਹੇ ਬਚਨ ਕੋਈ ਪੇਸ਼ਾਵਰ ਕਾਤਲ ਤਾਂ ਬੇਸ਼ਕ ਬੋਲੇ, ਪਰ ਜਿਸ ਗੁਰਸਿੱਖ ਨੂੰ ਆਪਣੇ ਸਤਿਗੁਰਾਂ ਦੇ ਬਚਨਾਂ ਪ੍ਰਤੀ ਸ਼ਰਧਾ ਭਰਿਆ ਸੱਚਾ ਵਿਸ਼ਵਾਸ਼ ਹੈ ਉਹ ਗੁਰਮੁਖ, ਜਾਨ ਲੈਣ ਤੇ ਜਾਨ ਦੇਣ ਵਾਲੇ, ਹੰਕਾਰ ਗ੍ਰਸੇ ਬਚਨ ਕਦੇ ਨਹੀਂ ਬੋਲ ਸਕਦਾ--

**ਮੇਰੇ ਮਨ ਹਰਿ ਜਪਿ, ਹਰਿ ਨਿਤ ਪੜਈਐ ॥ ਹਰਿ ਬਿਨੁ ਕੋ**
**ਮਾਰਿ ਜੀਵਾਲਿ ਨ ਸਾਕੈ ਤਾ ਮੇਰੇ ਮਨ ਕਾਇਤੁ ਕੜਈਐ ॥ ੧ ॥ ਰਹਾਉ ॥** [੮੬੧]-੫

ਕਿਸੇ ਨੂੰ ਜਾਨੋ ਮਾਰ ਦੇਣ ਵਾਲੇ ਕਾਤਲ ਲਈ ਅਕਾਲ ਉਸਤਤਿ ਦੇ ੭੪ਵੇਂ ਸਵੱਯੇ ਵਿਚ ਫ਼ੁਰਮਾਨ ਇਸ ਪ੍ਰਕਾਰ ਹੈ---- " ਮਾਧਵ ਭਵਰ ਔ ਅਟੇਰੂ ਕੋ ਕਨੱਯਾ ਨਾਮ, **ਕੰਸ ਕੋ ਬਧੱਯਾ, ਜਮਦੂਤ ਕਹੀਅਤੁ ਹੈ** ॥ "

ਕੋਈ ਕਾਤਲ ਕਿਸੇ ਤੇ ਮਾਰੂ ਵਾਰ ਤਾਂ ਬੇਸ਼ਕ ਕਰ ਸਕਦਾ ਹੈ ਪਰ ਕਿਸੇ ਦੀ ਜਾਨ ਲੈਣੀ ਕੇਵਲ ਪਰਮਾਤਮਾ ਦੇ ਹੱਥ ਵਿਚ ਹੈ। ਕਈ ਵਾਰੀ ਆਪਣੇ ਵਲੋਂ ਕਿਸੇ ਨੂੰ ਖ਼ਤਮ ਕਰ ਆਏ ਕਾਤਲ ਦੇ ਘਾਤਕ ਵਾਰਾਂ ਤੋਂ ਵੀ ਮਨੁੱਖ ਬਚ ਨਿਕਲਦੇ ਹਨ। ਸੋ ਜਥੇਦਾਰ ਜੀ ਦੇ ਉਪ੍ਰੋਕਤ ਬਚਨ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਵਾਲੇ ਖ਼ਾਲਸਾ ਜੀ ਦੀ ਖ਼ਾਲਸਈ ਮਰਯਾਦਾ ਦੀ ਖਿੱਲੀ ਉਡਾਈ ਹੈ।

**(ਸ)** ਸ੍ਰੀ ਅਕਾਲਤਖ਼ਤ ਸਾਹਿਬ ਦੇ ਜਥੇਦਾਰ ਹੋਣ ਦੀ ਹੈਸੀਅਤ ਵਿਚ ਰੇਡੀਓ ਤੇ ਬੋਲੇ ਹੋਏ ਲਗ ਪੱਗ ਸਾਰੇ ਹੀ ਬਚਨ ਚਿੰਤਾ ਜਨਕ ਹਨ ਪਰ ਇਨ੍ਹਾਂ ਦੇ ਸਭ ਤੋਂ ਵੱਧ ਦੁਖਦਾਈ ਬਚਨ **ਜਿਨ੍ਹਾਂ ਤੋਂ ਗੁਰਸਿੱਖੀ ਦੇ ਮੂੰਹ ਤੇ ਕਾਲਖ ਮਲੀ ਗਈ ਹੈ,** ਇਸ ਪਰਕਾਰ ਹਨ ' ਗੁਰਦੁਆਰਿਆਂ ਵਿਚੋਂ ਧੱਕੇ ਨਾਲ ਕੁਰਸੀਆਂ ਚੁੱਕੇ ਜਾਣ ਤੇ ਫ਼ਸਾਦ ਹੋਣ ਦੀ ਗੱਲ ਚੱਲੀ ਤਾਂ ਉਚੇਚੀ ਸੁਰ ਵਿਚ ਜਥੇਦਾਰ ਜੀ ਦਾ ਉਚੇਚਾ ਫ਼ੁਰਮਾਨ---

**" ਗੁਰਦੁਆਰੇ ਜਿਥੇ ਕੁਰਸੀਆ ਪਈਆਂ ਨੇ ਉਥੋ ਜਿਹੜੇ ਸੇਵਾ ਨਿਭਾਉਂਦੇ ਨੇ ਰਾਗੀ ਦੀ ਜਾਂ ਢਾਡੀ ਦੀ ਜਾਂ**
**ਗ੍ਰੰਥੀ ਦੀ ਉਨ੍ਹਾਂ ਦਾ ਬਾਈਕਾਟ ਕਰਨ, ਉਨ੍ਹਾਂ ਨੂੰ ਤਨਖਾਈਏ ਸਮਝ ਕੇ ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕਰਨ '**

**ਸਤਿਕਾਰ ਜੋਗ ਟੋਹੜਾ ਸਾਹਿਬ ਜੀਓ !** ਪੱਕਾ ਭਰੋਸਾ ਹੈ ਕਿ ਤੁਸੀਂ ਇਹ ਗੱਲ ਕਦੇ ਨਹੀਂ ਕਹਿ ਸਕਦੇ ਕਿ, ਜਿਨ੍ਹਾਂ ਗੁਰਦੁਆਰਿਆਂ ਦੇ ਲੰਗਰ ਹਾਲਾਂ ਵਿਚੋਂ ਪਰਬੰਧਕ ਕੁਰਸੀਆਂ ਨਹੀਂ ਚੁੱਕ ਰਹੇ, ਉਨ੍ਹਾਂ ਗੁਰੂ ਦੁਆਰਿਆਂ ਵਿਚਲੇ ਸਤਿਗੁਰਾਂ ਦੇ ਸਰੂਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪ੍ਰਕਾਸ਼ਮਾਨ ਸਤਿਗੁਰਾਂ ਦੇ ਪਾਵਨ ਸਰੂਪ ਤੋਂ ਕਿਸੇ ਪੱਖੋਂ ਹੀਣੇ ਹਨ। ਇਸ ਗੱਲ ਨਾਲ ਵੀ ਤੁਸੀਂ ਪੂਰੀ ਤਰ੍ਹਾਂ ਸਹਿਮਤ ਹੋ ਕਿ, ਲੰਗਰ ਵਿਚ ਪਈਆਂ ਕੁਰਸੀਆਂ ਵਾਲੇ ਗੁਰੂ ਦੁਆਰੇ ਵਾਲੇ ਸਤਿਗੁਰਾਂ ਦੇ ਪਾਵਨ ਸਰੂਪ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ਸੋਭਤ ਸਤਿਗੁਰਾਂ ਵਾਂਗ ਹੀ, ਅਜੇਹੇ ਸੱਚੇ ਪਾਤਸ਼ਾਹ ਜੀ ਹਨ ਜੋ ਸੰਸਾਰੀ ਮਹਾਰਾਜਿਆਂ ਦੇ ਵੀ ਮਹਾਰਾਜੇ ਹਨ। ਤੁਸੀਂ ਇਸ ਗੱਲ ਨਾਲ ਵੀ ਕਦੇ ਅਸਹਿਮਤੀ ਪਰਗਟ ਨਹੀਂ ਕਰ ਸਕਦੇ ਕਿ, ਗੁਰਦੁਆਰਿਆਂ ਦੇ ਲੰਗਰ ਹਾਲਾਂ ਵਿਚ ਕੁਰਸੀਆਂ ਚੁੱਕਣ ਜਾਂ ਨਾ ਚੁੱਕਣ ਵਿਚ ਉਸ ਗੁਰਦੁਆਰੇ ਵਿਚਲੇ ਸਤਿਗੁਰਾਂ ਦੇ ਸਰੂਪ ਦਾ ਕੋਈ ਦਖ਼ਲ ਨਹੀਂ ਹੈ ? **ਫਿਰ ਆਪ ਜੀ ਦੇ ਚੁਣੇ ਹੋਏ ਜਥੇਦਾਰੀ ਸਾਹਿਬ ਜੀ,** ਰਾਗੀਆਂ, ਢਾਡੀਆਂ ਅਤੇ ਗ੍ਰੰਥੀਆਂ ਨੂੰ ਕੁਰਸੀਆਂ ਵਾਲੇ ਗੁਰੁਦੁਆਰੇ ਵਿਚ ਪ੍ਰਕਾਸ਼ਮਾਨ ਸਤਿਗੁਰਾਂ ਦੀ ਸੇਵਾ ਤੋਂ

ਕਿਸ ਦੋਸ਼ ਦੇ ਕਾਰਨ ਰੋਕ ਰਹੇ ਹਨ? { ਨਿਰਸੰਦੇਹ ਅਜੇਹੇ ਬੋਲ ਬੋਲਣ ਵਾਲੇ ਪ੍ਰਤੀ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ--**ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ** ॥ਆਪ ਜੀ ਵਲੋਂ ਪੰਥ ਨੂੰ ਮਿਲੀ ਇਸ ਸੌਗ਼ਾਤ ਦਾ ਕਿਹੜਾ ਬੋਲ ਸੂਝਵਾਨ ਗੁਰਮੁਖਾਂ ਵਾਲਾ **ਹੈ ?}**

ਜੈਸੇ ਕੋ ਤੈਸਾ ਹੋ ਕੇ ਦਰਸ਼ਨ ਦੇਣ ਵਾਲੇ ਜਥੇਦਾਰ ਸਾਹਿਬ ਜੀ ਨੇ ਜੇ ਆਪਣੀ ਨਿੱਜੀ ਜ਼ਿਦ ਪੁਗਾਉਣ ਲਈ ਕੁਰਸੀਆਂ ਦਾ ਝਗੜਾ-ਰੂਪ ਸੰਘਰਸ਼ ਛੇੜਨਾਂ ਹੀ ਸੀ ਤਾਂ, ਪਹਿਲਾਂ ਉਥੋਂ ਦੇ ਗੁਰੂ-ਪਰਮੇਸ਼ਰ ਜੀ ਦੇ ਦਰਬਾਰ ਦੇ ਆਦਰ ਸਤਿਕਾਰ ਨੂੰ ਜਿਉਂ ਦਾ ਤਿਉਂ ਰਖਣ ਦਾ ਪਰਬੰਧ ਕਿਸ ਕਾਰਨ ਨਾ ਕਰ ਲਿਆ ? ਜੇ ਹੋਰ ਅਜੇਹਾ ਕੋਈ ਠੋਸ ਪ੍ਰਬੰਧ ਕਰਨਾ ਕੁਰਸੀ-ਸੰਘਰਸ਼ ਵਿਚ ਅਸੰਭਵ ਸੀ ਤਾਂ, (ਸ੍ਰੀ ਅਕਾਲਤਖ਼ਤ ਸਾਹਿਬ ਦੀ ਪਾਵਨਤਾ ਬਣਾਈ ਰੱਖਣ ਲਈ, ਸਿਰ ਲੈ ਲੈਣ ਦੀ ਗੱਲ ਰੇਡੀਉ ਤੇ ਕਰਨ ਵਾਲੇ ਸਿਰ ਲੱਥ ਬਹਾਦਰ) ਜਥੇਦਾਰ ਸਾਹਿਬ ਜੀ ਨੇ ਝਗੜੇ ਵਾਲੇ ਗੁਰੂ ਦੁਆਰਿਆਂ ਵਿਚੋਂ ਸਤਿਗੁਰਾਂ ਦੇ ਸਰੂਪ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ, ਜਾਂ ਏਥੇ ਵਿਦੇਸ਼ ਵਿਚ ਕਿਸੇ ਚੰਗੇ ਥਾਂ ਕਿਸ ਕਾਰਨ ਨਾ ਰਖਵਾ ਲਏ ?

## ੪) ਹੁਣ ਜ਼ਰਾ ਗੰਭੀਰਤਾ ਨਾਲ ਵਿਚਾਰ ਕੇ ਇਹ ਦੱਸੋ ਕਿ--

**(੧)** ਜੇ ਕਿਸੇ ਸਹਿਨਸ਼ਾਹ ਦੇ ਸੇਵਾਦਾਰ ਨੂੰ ਕੇਵਲ ਇਸ ਕਾਰਨ ਤਨਖਾਹੀਆ ਘੋਸ਼ਤ ਕਰ ਦਿੱਤਾ ਜਾਵੇ ਕਿ, ਉਹ ਉਸ (ਵੇਲੇ ਦੇ ਤਾਜਦਾਰ ) ਦੀ ਸੇਵਾ ਕਿਉਂ ਕਰਦਾ ਹੈ, ਤਾਂ ਕੀ, ਇਸ ਹਰਕਤ ਨੂੰ ਸ਼ਹਿਨਸ਼ਾਹ ਆਪਣੇ ਸ਼ਾਹੀ ਵਕਾਰ ਤੇ ਗੰਭੀਰ ਹਮਲਾ ਨਾ ਸਮਝਦਾ ਜੀ? ਜਿਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸ਼ਮੇਸ਼ ਜੀ ਨੇ ਤਖ਼ਤ ਚਵਰ ਦਾ ਮਾਲਕ ਥਾਪਦਿਆਂ, ਆਪਣੇ ਥਾਂ ਗੁਰੂ ਨਾਨਕ ਪਾਤਸ਼ਾਹ ਜੀ ਦੀ ਜੋਤਿ ਦੀ ਸਦੀਵੀ ਮਾਲਕੀ ਸੌਂਪੀ ਸੀ, ਉਸ ਵੇਲੇ ਦਾ ਮੁਗ਼ਲ ਸਮਰਾਟ ਅਜੇਹੇ ਗੁਸਤਾਖ ਨਾਲ ਕੀ ਸਲੂਕ ਕਰਦਾ ? ਸ਼ਾਇਦ ਉਸ ਸਮੇਂ ਅਜੇਹੇ ਗੁਸਤਾਖ਼ ਨੂੰ ਪਰਵਾਰ ਸਮੇਤ ਹੀ ਖਤਮ ਕਰਨ ਦੀ ਆਗਿਆ ਦੇ ਦਿੰਦਾ ? ਪਰ ਅਸੀਂ ਤਾਂ ਸਭਨਾਂ ਦੇ ਸੱਜਣ, ਨਿਰਵੈਰ, ਗੰਭੀਰ-ਧੀਰ, ਬਖ਼ਸ਼ਿੰਦ ਅਤੇ ਗਿਆਨ ਦੇ ਮਹਾਂਨ ਸਾਗਰ, ਜਗਤ ਗੁਰੂ, ਆਪਣੇ ਗੁਰੂ-ਪਰਮੇਸ਼ਰ ਜੀ ਦੇ ਸੇਵਕਾਂ ਨੂੰ ਸਤਿਗੁਰਾਂ ਦੀ ਸੇਵਾ ਤੋਂ ਹਟਾਉਣ ਦੀ ਗੁਸਤਾਖ਼ੀ ਕੀਤੀ ਹੈ, ਸਾਡੀਆਂ ਤਾਂ ਕਈ ਕੁਲਾਂ ਨਰਕੀ ਦੁਖਾਂ ਵਿਚ ਸੜਦੀਆਂ ਰਹਿਣ ਦੀ ਸਜ਼ਾ ਵੀ ਬਹੁਤ ਘਟ ਮੰਨੀ ਜਾਣੀ ਚਾਹੀਦੀ ਹੈ ।

**(੨)**ਆਪ ਜੀ ਇਸ ਗੱਲ ਨਾਲ ਵੀ ਨਿਰਸੰਦੇਹ ਸਹਿਮਤ ਹੋ ਕਿ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ, ਸ੍ਰੀ ਅਕਾਲ ਤਖ਼ਤ ਦੇ ਮਾਲਕ ਨਹੀਂ ਸਗੋਂ ਮੁੱਖ ਸੇਵਾਦਾਰ ਹੀ ਹਨ । ਇਹ ਵੀ ਝੂਠ ਨਹੀਂ ਹੈ ਕਿ ਇਸ ਪਾਵਨ ਅਕਾਲ-ਤਖ਼ਤ ਦੇ **ਮਾਲਕ** ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਕਿਡੇ ਅਨਰਥ ਵਾਲੀ ਗੱਲ ਹੈ ਕਿ ਇਕ ਸੇਵਾਦਾਰ ਨੇ ਆਪਣੇ ਮਾਲਕ ਦੇ ਸੇਵਦਾਰਾਂ ਨੂੰ ਇਸ ਕਾਰਨ ਤਨਖਾਈਏ ਘੋਸ਼ਤ ਕਰ ਦਿੱਤਾ ਕਿ, ਉਹ (ਸ੍ਰੀ ਅਕਾਲਤ ਤਖ਼ਤ ਦੇ ਸੱਚੇ ਮਾਲਕ)ਸਤਿਗੁਰਾਂ ਦੇ ਦਰਬਾਰ ਦੀ ਆਨ ਸ਼ਾਨ ਨੂੰ ਜਿਉਂ ਦਾ ਤਿਉਂ ਰੱਖਣ ਦਾ ਸ਼ੁੱਭ-ਉਦੱਮ ਕਿਉਂ ਕਰਦੇ ਹਨ?

**(੩)** ਕੀ, ਜਥੇਦਾਰ ਸਾਹਿਬ ਲਈ ਲੰਗਰ ਵਿਚ ਕੁਰਸੀਆਂ ਵਾਲੇ ਗੁਰੂ ਦੁਆਰੇ ਵਿਚਲੇ ਸਤਿਗੁਰਾਂ ਦਾ ਦਰਬਾਰ ਬੈਕੁੰਠ ਨਾ ਰਹਿ ਕੇ ਵੇਸਵਾ ਦਾ ਅਖਾੜਾ ਬਣ ਗਿਆ ਸੀ ਜੋ (ਗੁਰੂ ਬਾਣੀ ਦਾ ਕੀਰਤਨ ਕਰਨ ਵਾਲੇ) ਰਾਗੀਆਂ ਨੂੰ ਅਥਵਾ (ਗੁਰੂ ਇਤਿਹਾਸ ਸੁਨਾਉਣ ਵਾਲੇ) ਢਾਡੀਆਂ ਨੂੰ ਉਥੇ ਬੋਲਣ ਦੀਂ ਮਨਾਹੀ ਕਰ ਦਿੱਤੀ ? ਕੀ, ਸਤਿਗੁਰਾਂ ਦੀ ਹਜ਼ੂਰੀ ਵਿਚ ਬੈਠੀ ਸੰਗਤਿ **ਸਾਧ ਸੰਗਤ** ਨਾ ਰਹਿ ਕੇ ਕਿਸੇ ਨਾਸਤਕ ਦੀ ਸੰਗਤਿ ਬਣ ਜਾਂਦੀ ਹੈ ਜੋ ਸਤਿਗੁਰਾਂ ਦੇ ਦਰਬਾਰ ਦੀ ਸ਼ਾਨ ਨੂੰ ਬਰਕਰਾਰ ਰੱਖਣ ਵਾਲੇ ਰਾਗੀ ਢਾਡੀ ਗ੍ਰੰਥੀ, ਸਭ ਤਨਖਾਈਏ ਘੋਸ਼ਤ ਕਰ ਦਿੱਤੇ ਗਏ ?

(੪) ਹਦ ਹੋ ਗਈ, ਅੱਜ ਪੰਥ ਦੇ ਸਰਬਰਾਹਾਂ ਨੇ ਪਹਿਲਾਂ--(੧) ਹਰਿਮੰਦਰ ਸਾਹਿਬ ਤੋਂ ਹੁਕਮਨਾਮੇ ਬਾਹਰ ਭੇਜ ਕੇ ਸਥਾਨਕ ਗੁਰੂ ਸਾਹਿਬਾਨ ਦੇ ਮੁੱਖ ਵਾਕਾਂ ਦਾ ਮੌਜੂ ਉਡਾਇਆ (੨) ਕੁਰਸੀਆਂ ਚੁਕਵਾਉਣ ਦੀ ਮੁਹਿੰਮ ਚਲਾ ਕੇ ਵਿਦੇਸ਼ਾਂ ਦੇ ਗੁਰੂਦੁਆਰਿਆਂ ਵਿਚਲੇ ਗੁਰੂ ਸਰੂਪ ਵਿਚ ਅੱਗੇ ਇੱਕ ਹੋਰ ਪਾੜਾ ? ਲੰਗਰ ਵਿਚ ਕੁਰਸੀਆਂ ਰੱਖੀ ਬੈਠੇ ਪ੍ਰਬੰਧਕਾਂ ਦੇ ਗੁਰੂਦੁਆਰੇ ਵਾਲੇ ਸਤਿਗੁਰਾਂ ਦੇ ਸਰੂਪ ਦੇ ਸੇਵਾਦਾਰ ਪੰਥ ਵਿਚੋਂ ਕੱਢੇ ਜਾਣ ਦਾ ਡਰ ਪਾ ਕੇ ਹੱਟਾ ਦਿੱਤੇ ਅਤੇ ਰੇਡੀਓ ਤੇ ਆਪਣੇ ਸਮਰਥਕ **ਮਨਮੁਖਾਂ** ਨੂੰ ਹੁਕਮ ਫ਼ੁਰਮਾ ਦਿੱਤਾ ਕੇ ਅੱਗੇ ਤੋਂ ਜਿਹੜਾ ਵੀ ਸਤਿਗੁਰਾਂ ਦੀ ਅਜੇਹੀ ਸੇਵਾ ਤੇ ਲੱਗਣ ਦੀ (ਦਲੇਰੀ ਭਰੀ) ਭੁੱਲ ਕਰੇ ਉਸ ਨੂੰ ਤਨਖਾਹੀਆ (ਭਾਵ, ਦੁਰਕਾਰਿਆ ਹੋਇਆ) ਘੋਸ਼ਤ ਕੀਤਾ ਸਮਝਿਆ ਜਾਵੇ ? ਇਸ ਤਰ੍ਹਾਂ ਲੰਗਰ ਵਿਚ ਕੁਰਸੀਆਂ ਵਾਲੇ ਗੁਰੂਦੁਆਰਿਆਂ ਵਿਚਲੇ ਸਤਿਗੁਰਾਂ ਦੇ ਪਾਵਨ ਪਵਿੱਤ੍ਰ ਸਰੂਪ, ਵਡੀ ਹੀਣਤਾ ਵਾਲੀ ਖੱਡ ਵਿਚ ਧੱਕ ਦਿੱਤੇ ਗਏ ? ਉਨ੍ਹਾਂ ਸਰੂਪਾਂ ਦਾ ਸੇਵਾਦਾਰ **ਗ੍ਰੰਥੀ ਸਿੰਘ** ਅਤੇ ਉਨ੍ਹਾਂ ਦੇ ਦਰਬਾਰ ਦੀ ਸ਼ਾਨ **ਰਾਗੀ-ਢਾਡੀ-ਪਰਚਾਰਕ-ਸਿੰਘ**, ਸਭ ਦੇ ਸਭ ਤਨਖਾਹੀਏ ? ਕਿੱਡੀ ਡੁੱਬ ਮਰਨ ਵਾਲੀ ਸਥਿਤੀ ਆ ਬਣੀ ਹੈ ? ਕੀ ਅਜੇਹਾ ਕੋਝਾ ਅਥਵਾ ਹੰਕਾਰ ਗ੍ਰਸੇ ਜ਼ਾਲਮਾ ਵਾਲਾ ਵਿਉਹਾਰ ਉਸੇ ਪਾਵਨ ਸਰੂਪ ਨਾਲ ਕੀਤਾ ਜਾ ਰਿਹਾ ਹੈ ਜਿਨ੍ਹਾਂ ਸਤਿਗੁਰਾਂ ਦੇ ਸਰੂਪ ਨੂੰ ਅਜੇ ਕੱਲ ਸਾਰੇ ਰਲ-ਮਿਲ ਕੇ ਪ੍ਰਗਟ ਗੁਰਾਂ ਦੀ ਦੇਹ ਕਹਿ ਰਹੇ ਸਾਂ ? ਕੀ, ਸਤਿਗੁਰਾਂ ਦੇ ਉਸ ਸਰੂਪ ਤੋਂ ਮੁੱਖ ਵਾਕ ਲੈਣ ਸਮੇ--- **ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ, ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥** ਉਚਾਰਨ ਦੀ ਲੋੜ ਬਾਕੀ ਨਹੀਂ ਰਹਿ ਗਈ ਜੀ ? ਕੀ, ਇਹ ਗੁਰੂ ਬਾਣੀ ਸ਼ਬਦ ਉਚੇਚੇ ਤੌਰ ਤੇ ਸਤਿਗੁਰਾਂ ਦੇ ਉਨ੍ਹਾਂ ਸਰੂਪਾ ਵਾਸਤੇ ਹੀ ਰਹਿ ਗਏ, ਜਿਹੜੇ ਹਰਮੰਦਰ ਸਾਹਿਬ ਵਿਖੇ ਅਥਵਾ ਕੁਰਸੀਆਂ ਤੋਂ ਖ਼ਾਲੀ ਗੁਰੂ ਦੁਆਰਿਆਂ ਵਿਚ ਪ੍ਰਕਾਸ਼ਮਾਨ ਹਨ ? ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਸਦੀਵੀ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਏਡਾ ਵਡਾ ਨਿਰਾਦਰ ? ਕੀ ਅਜੇ ਵੀ ਕਹਿਣ ਜੋਗੇ ਰਹਿ ਗਏ ਹਾਂ ਕਿ ਅਸੀਂ ਇਨ੍ਹਾਂ ਨੂੰ ਸਤਿਗੁਰੂ ਨਾਨਕ ਸਾਹਿਬ ਜੀ ਤਾ ਪ੍ਰਤੱਖ ਰੂਪ ਮੰਨਦੇ ਹਾਂ ? ਏਡੀ ਨਿਰਾਦਰੀ ਤਾਂ ਕਿਸੇ ਡੇਰੇਦਾਰ ਸਾਧ ਦੀ ਵੀ ਕੋਈ ਨਹੀਂ ਕਰਦਾ ਜਿੱਡੀ ਅਵੱਗਿਆ ਅੱਜ ਪੰਥਕ ਤੌਰ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਤੱਖ ਰੂਪ ਦੀ ਕੀਤੀ ਜਾ ਰਹੀ ਹੈ।

## ੫) ਜਿਸ ਸੇਵਾ ਦੇ ਬਦਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਮਿਲੀ ਉਸ ਸੇਵਾ ਦਾ ਪਿਛੋਕੜ?

੧੯੭੮ ਦੀ ਵਿਸਾਖੀ ਤੇ ਵਰਤੇ ਦੁਖਦਾਈ ਖ਼ੂਨੀ ਸਾਕੇ ਦੇ ਨਰੰਕਾਰੀ ਦੋਸ਼ੀਆਂ ਦੇ ਬਰੀ ਹੋ ਜਾਣ ਉਪ੍ਰੰਤ ਸਮੁੱਚੇ ਪੰਥ ਦੀ ਭਾਵਨਾ ਦੀ ਤਰਜਮਾਨੀ ਕਰਦਿਆਂ, ਸ੍ਰੀ ਅਕਾਲ ਤੱਖ਼ਤ ਸਾਹਿਬ ਜੀ ਵਲੋਂ ਹੁਕਮਨਾਮਾ ਜਾਰੀ ਹੋਇਆ, ਕਿ ਨਿਰੰਕਾਰੀਆਂ ਨਾਲੋਂ ਹਰ ਪ੍ਰਕਾਰ ਦੇ ਸੰਬੰਧ ਤੋੜ ਲਏ ਜਾਣ ਅਤੇ

ਉਨ੍ਹਾਂ ਨਾਲ ਕੋਈ ਸਮਾਜੀ ਜਾਂ ਧਾਰਮਿਕ ਮੇਲ ਜੋਲ ਕਦੇ ਨਾ ਕੀਤਾ ਜਾਵੇ। ਸਪੱਸ਼ਟ ਸ਼ਬਦਾਂ ਵਾਲੇ ਉਸ **ਹੁਕਨਾਮੇ ਵਿਚ ਕਿਸੇ ਨਿਰੰਕਾਰੀ ਨੂੰ ਕਤਲ ਕਰਨ ਦਾ ਕੋਈ ਸੰਕੇਤ ਤੱਕ ਨਹੀਂ ਸੀ**। ਸਾਨੂੰ ਸਾਰਿਆਂ ਨੂੰ ਭਰੋਸਾ ਇਹੀ ਹੈ ਕਿ, ਤੁਹਾਡੇ (ਟੌਹੜਾ ਸਾਹਿਬ) ਸਮੇਤ ਉਸ ਹੁਕਮ ਨਾਮੇ ਨੂੰ ਬਿਨਾ ਕਿਸੇ ਕਿੰਤੂ ਪ੍ਰੰਤੂ ਦੇ ਸਰਬੱਤ ਪੰਥ ਨੇ ਕਬੂਲ ਕਰ ਲਿਆ ਸੀ। **ਪਰ ਸੁਣੋਂ ਉਸ ਪਾਵਨ ਹੁਕਮਨਾਮੇ ਦੀ ਅਵੱਗਿਆ ਦਾ ਵੇਰਵਾ**:--

(੧) ਨਾ-ਮਿਲਵਰਤਣ ਦੀ ਪੰਥਕ ਹਦਾਇਤ ਦੀ ਪਰਵਾਹ ਨਾ ਕਰਦਿਆਂ ਅਜੋਕੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੇ ਬਿਨਾਂ ਸ੍ਰੀ ਅਕਾਲਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਅਗਾਊਂ ਮਨਜ਼ੂਰੀ ਲੈਣ ਦੇ, ਨਿਰੰਕਾਰੀ ਮੁਖੀ ਗੁਰਬਚਨੇ ਦੇ ਡੇਰੇ ਵਿਚ ਸੇਵਾਦਾਰੀ ਸਾਂਭੀ ਅਤੇ (ਸਰੋਤ ਹੈ ਕਿ) ਲੰਗਰ ਪਾਣੀ ਛਕਦੇ ਰਹਿ ਕੇ ਨਿਰੰਕਾਰੀਆਂ ਦੇ **ਵਿਸ਼ਵਾਸ਼ ਦੇ ਪਾਤ੍ਰ ਜਾ ਬਣੇ** ।

(੨) ਦਲੀਲ ਅਤੇ ਅਪੀਲ ਦੀ ਬੋਲੀ ਸਮਝਣ ਦੀ ਲੋੜ ਮੁਕਾ ਕੇ ਸ੍ਰੀ ਹਰਮੰਦਰ ਸਾਹਿਬ ਜੀ ਦੀ ਨਿਰੰਤਰ ਬੇਹੁਰਮਤੀ ਕਰ ਰਹੇ **ਮੱਸੇ ਰੰਗੜ** ਨੂੰ ਸੋਧਨ ਦਾ ਫੈਸਲਾ ਸਮੁੱਚੇ ਪੰਥ ਦਾ ਸੀ। ਭਾਈ ਸੁਖਾ ਸਿੰਘ ਮਹਿਤਾਬ ਸਿੰਘ ਜੀ ਨੇ, ਪੰਥਕ ਇਕੱਠ ਵਿਚ ਉਹ ਸੇਵਾ ਆਪਣੇ ਸਿਰ ਲੈ ਲਈ। ਉਨ੍ਹਾਂ ਮਹਾਂ ਤਿਆਗੀ ਅਤੇ ਸਿਰਲੱਥ ਸੂਰਮਿਆਂ ਨੇ ਮੱਸੇ ਮੂਜ਼ੀ ਨੂੰ ਨਿਰਭੈ ਬਹਾਦਰਾਂ ਵਾਂਗ ਉਸ ਦੇ ਦਰਬਾਰੀਆਂ ਦੇ ਸਾਹਮਣੇ ਝਟਕਾਇਆ ਅਤੇ ਉਸ ਦਾ ਸਿਰ ਨੇਜੇ ਤੇ ਟੰਗ ਕੇ ਹਜ਼ਾਰਾਂ ਮੁਗ਼ਲ ਫੌਜੀਆਂ ਦੀ ਭੀੜ ਵਿਚੋਂ ਲਲਕਾਰੇ ਮਾਰਦੇ ਪਾਪੀ ਦੇ ਸਿਰ ਸਮੇਤ ਬਚ ਕੇ ਨਿਕਲ ਆਏ ਸਨ। ਹੁਕਮ ਨਾ ਮੰਨਣਾ ਗੁਸਤਾਖ਼ੀ ਹੈ ਪਰ ਹੁਕਮ ਤੋਂ ਅੱਗੇ ਲੰਘ ਤੁਰਨਾਂ ਬਗ਼ਾਵਤ ਆਥਵਾ ਗ਼ਵਦਧਰੀ ਹੈ, ਹੁਕਮ ਕਰਨ ਵਾਲੇ ਦੀ ਨਿੱਜੀ ਬੇਅਦਬੀ ਕਰਨ ਦਾ ਅਪਰਾਧ ਹੈ। ਸ੍ਰੀ ਅਕਾਲ-ਤਖ਼ਤ ਸਾਹਿਬ ਵਲੋਂ, ਜਾਰੀ ਹੋਏ ਨਿਰੰਕੀਆਂ ਬਾਰੇ ਹੁਕਮਨਾਮੇ ਦੀ ਮਨਸ਼ਾ ਨੂੰ ਮਿੱਟੀ ਵਿਚ ਰੋਲਦਿਆਂ ਅਜੋਕੇ ਸਿੰਘ ਸਾਹਿਬ ਜੀ ਨੇ ਗੁਰਬਚਨੇ ਨੂੰ ਕਤਲ ਕਰ ਦਿੱਤਾ । ਪੰਥ ਦੇ ਨੌਨਿਹਾਲਾਂ ਦੀ ਅਗਵਾਈ ਲਈ, ਖਾਲਸਾਈ ਸੂਰਮਤਾਈ ਅਤੇ ਅਦੁਤੀ ਨਿਰਭੈਤਾ ਦੇ ਪੂਰਨੇ ਜੋ ਪੰਥ ਦੇ ਸੂਰਮੇ ਸ਼ਹੀਦ ਪਾਉਂਦੇ ਆ ਰਹੇ ਸਨ, ਕੇਵਲ ਉਨ੍ਹਾਂ ਦਾ ਹੀ ਤਿਆਗ ਨਹੀਂ ਸੀ ਕੀਤਾ, ਸਗੋਂ ਅਜੋਕੇ ਸਰਬ ਉੱਚ ਜਥੇਦਾਰ ਸਾਹਿਬ ਨੇ ਉਨ੍ਹਾਂ **ਲੂਣ ਹਰਾਮੀ ਵਿਸ਼ਵਾਸ਼ ਘਾਤੀ ਦੋ ਕਾਇਰ ਪਠਾਣਾਂ** ਵਾਲੀ ਘਟੀਆ ਕਰਤੂਤ ਕੀਤੀ ਜਿਨ੍ਹਾਂ ਨੇ ਕਈ ਮਹੀਨੇ ਦਸ਼ਮੇਸ਼ ਜੀ ਦੀ ਸੇਵਾ ਸਾਂਭੀ ਰੱਖ ਕੇ ਸਤਿਗੁਰਾਂ ਦੇ ਅਤੇ ਹਜ਼ੂਰੀ ਗੁਰਸਿੱਖਾਂ ਦੇ ਵਿਸ਼ਵਾਸ਼ ਦੇ ਪਾਤ੍ਰ ਬਣੇ, ਅਤੇ ਫਿਰ ਸਮਾਂ ਤਾੜ ਕੇ, ਦਸ਼ਮੇਸ਼ ਦੇ ਪਾਵਨ ਸਰੀਰ ਨੂੰ ਛੁਰੇ ਨਾਲ ਘਾਇਲ ਕਰ ਦਿੱਤਾ ਸੀ। ਮੌਤ ਤੋਂ ਅਣਜਾਣ, ਨਿਰਭੈ ਸੂਰਮਤਾਈ, ਅਦੁਤੀ ਬਹਾਦਰੀ ਅਤੇ ਅਨੂਪਮ ਕੁਰਬਾਨੀਆਂ ਦੇ ਜਿਹੜੇ ਪੂਰਨੇ ਸੱਚੇ ਸੁੱਚੇ ਆਚਰਨ ਵਾਲੇ ਸੁਹਿਰਦ ਅਤੇ ਨਿਸ਼ਕਪਟ ਖ਼ਾਲਸਾ ਜੀ ਨੇ ਪਾਏ ਸਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜੋਕੀ ਜਥੇਦਾਰੀ, ਉਨ੍ਹਾਂ ਸਾਰੇ ਲਾ-ਮਿਸਾਲ ਕਾਰਨਾਮਿਆਂ ਨੂੰ ਝੂਠ, ਬੇਈਮਾਨੀ, ਵਿਸ਼ਵਾਸ਼ਘਾਤ, ਅਤੇ ਬਚਨ ਕਰਕੇ ਕਿਸਕ ਜਾਣ ਵਾਲੀ ਕਾਇਰਤਾ ਦਾ ਰੂਪ ਦੇਈ ਜਾ ਰਹੀ ਹੈ।

(੩) ਮਹਾਤਮਾ ਗਾਂਧੀ ਨੂੰ ਗੋਲੀਆਂ ਮਾਰਨ ਉਪ੍ਰੰਤ ਨਾਥੂ ਰਾਮ ਗਾਡਸੇ ਨਾਅਰੇ ਲਾਉਂਦਾ ਹੋਇਆ ਗਿਰਫ਼ਤਾਰ ਹੋਇਆ ਤੇ ਕਚਹਿਰੀ ਵਿਚ ਜਾਂਦਿਆਂ ਹੀ ਗਾਂਧੀ ਦੇ ਕਤਨ ਨੂੰ ਵਡੀ ਕੌਮੀ ਲੋੜ ਸਿੱਧ ਕਰਦਿਆਂ ਆਪਣੇ ਬਿਆਨ ਵਿਚ ਕੇਵਲ ਇਹ ਅਫ਼ਸੋਸ ਲਿਖਿਆ ਕਿ ਉਹ ਗਾਂਧੀ ਨੂੰ ਮਾਰਨ ਵਿਚ ਛੇ ਮਹੀਨੇ ਲੇਟ ਕਿਉਂ ਹੋ ਗਿਆ ? ਹੱਸਦਾ ਹੋਇਆ ਨਾਰੇ ਲਾਉਂਦਾ ਨਾਥੂ ਰਾਮ ਕਾਡਸ਼ੇ ਫ਼ਾਂਸੀ ਚੜ੍ਹ ਗਿਆ । ਏਧਰ ਅਜੋਕੇ ਸਿੰਘ ਸਾਹਿਬ ਹਰ ਪ੍ਰਕਾਰ ਦੀ ਸੰਗ ਲਾਹ ਕੇ **ਆਪਣੇ ਆਪ ਨੂੰ** ਉਸ ਬੀਬੀ ਨਾਲੋਂ (**ਜਿਸ ਨੇ ਆਪਣੇ ਸਰੀਰ ਦਾ ਤੂੰਬਾ ਤੂੰਬਾ ਉਡਾ ਲੈਣਾ ਝੱਲ ਕੇ ਰਾਜੀਵ ਗਾਂਧੀ ਨੂੰ ਸੋਧਣ ਵਾਲਾ ਦਲੇਰੀ ਭਰਿਆ ਸਾਕਾ ਵਰਤਾਇਆ ਸੀ**) ਵੀ **ਨਖਿਧ** ਸਿੱਧ ਕਰਦੇ ਹੋਏ ਐਲਾਨ ਕਰ ਹਹੇ ਹੁੰਦੇ ਹਨ ਕਿ **ਉਹ ਚਾਰ ਸਾਲ ਭਗੌੜੇ ਰਹੇ ਸਨ।**

ਸਿੱਖ ਇਤਿਹਾਸ ਵਿਚ ਕੇ ਸਾਖੀ ਹੈ ਕਿ ਸਤਿਗੁਰੂ ਨਾਨਕ ਸਾਹਿਬ ਜੀ ਦੇ ਬਚਨ ਸੁਣ ਚੁੱਕੇ ਪੇਸ਼ਾਵਰ ਚੋਰ (ਭਾਈ ਭੂਮੀਏ) ਨੇ ਭੁਲੇਖੇ ਨਾਲ ਰਜੇ ਦੇ ਘਰੋਂ ਲੂਣ ਚੱਖ ਲਿਆ ਤਾਂ ਧਨ-ਦੌਲਤ ਦੀ ਬੱਝੀ ਬਝਾਈ ਪੰਡ ਉਥੇ ਹੀ ਛੱਡ ਕੇ ਖ਼ਾਲੀ ਹੱਥ ਰਾਜੇ ਦੇ ਮਹਿਲਾਂ ਵਿਚੋਂ ਪਰਤ ਗਿਆ ਸੀ। ਤਖ਼ਤ ਚਵਰ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੂਣ ਹਰਾਮੀ ਮਨੁੱਖ ਬਾਰੇ ਇਉਂ ਫ਼ੁਰਮਾਨ ਕਰ ਰਹੇ ਹਨ:-(੧) **ਲੂਣ ਖਾਇ ਕਰੇਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ ॥੧॥ ਰਹਾਓ ॥** ((ਮਾਰੂ ਮ:੫) (੨) **ਲੂਣ ਹਰਾਮੀ ਗੁਨਹਿਗਾਰ ਬੇਗਾਨਾ ਅਲਪ ਮਤਿ ॥** (ਗਉੜੀ ਬਾਵਨ ਅੱਖਰੀ ਮ: ੫) (੩) **ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥ ਬਧੇ ਕਰਨਿ ਸਲਾਮ ਕਸਮ ਨ ਭਾਣਿਆ ॥**(ਮਾਝ ਕੀ ਵਾਰ ਮ: ੧) **ਪਾਲਹਿ ਅਕਿਰਤਘਨਾ**-- ਮਹਾਂਵਾਕ ਦੀ ਲਾਜ ਰਖਦਿਆਂ, **ਅਕਿਤਘਣਤਾਂ ਵਾਲੀਆਂ ਪਿਛਲੀਆਂ ਕਰਤੂਤਾਂ ਨੂੰ ਅਣਗੋਲਿਆ** ਕਰਦਿਆਂ--ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਵਾਲੀ ਅਪਾਰ ਬਖ਼ਸ਼ਸ਼ ਕਰਨ ਵਾਲੇ ਉਸੇ ਬਖ਼ਸ਼ਿੰਦ ਖਸਮ-ਗੁਰੂ-ਪਰਮੇਸ਼ਰ ਦੀ ਸੇਵਾ ਕਰਨ ਵਾਲਿਆਂ ਨੂੰ ਤਨਖਾਹੀਆ ਘੋਸ਼ਤ ਕਰਨ ਵਾਲੀ ਹੋਰ ਵੀ ਵੱਧ ਅਕਿਰਤਘਣਤਾ ਰੇਡੀਓ ਤੇ ਬੜੇ ਰੋਹ ਭਰੇ ਸ਼ਬਦਾਂ ਵਿਚ ਕੀਤੀ ਜਾ ਰਹੀ ਹੁੰਦੀ ਹੈ-- (੪) **ਕੀਆ ਨ ਜਾਣੈ ਅਕਿਰਤਘਣੁ, ਵਿਚਿ ਜੋਨੀ ਫਿਰਤੇ ॥** (ਗਉੜੀ ਕੀ ਵਾਰ ਮ:੪)

**ਟੌਹੜਾ ਸਾਹਿਬ ਜੀਓ** ! ਤੁਸੀ ਇਸ ਸਚਾਈ ਤੋਂ ਵੀ ਇਨਕਾਰੀ ਨਹੀਂ ਹੋ ਸਕਦੇ ਕਿ, ਮੱਸੇ ਦਾ ਝਟਕੇ ਵਾਲੀ ਪੰਥਕ ਸੇਵਾ ਪਿੱਛੋ ਮੱਸੇ ਜਿਹੀ ਮੂਰਖਤਾਈ ਕਰਨ ਵਾਲਾ ਕਦੇ ਕੋਈ ਪਾਪੀ ਪੈਦਾ ਨਹੀਂ ਹੋਇਆ । ਹੁਣ ਜ਼ਰਾ ਇਹ ਦੱਸੋ ਕਿ, ਕੀ ਗੁਰਬਚਨੇ ਦੇ ਕਤਲ ਨਾਲ ਕੋਈ ਪੰਥਕ ਲਾਭ ਹੋਇਆ ? ਕੀ ਨਿਰੰਕਾਰੀਆਂ ਦਾ ਡੇਰਾ ਬੰਦ ਹੋ ਗਿਆ ? ਕੀ ਨਿਰੰਕਾਰੀਆਂ ਦੇ ਡੇਰੇ ਦੀ ਰੌਣਕ ਸਗੋਂ ਵਧੀ ਨਹੀਂ ? ਫਿਰ ਗੁਰਬਚਨੇ ਦਾ ਕਤਲ ਪੰਥਕ ਸੇਵਾ ਕਿਸ ਦੀਲ ਨਾਲ ਮੰਨੀ ਗਈ ? ਸਪੱਸ਼ਟ ਹੈ ਕਿ ਗੁਰਬਚਨੇ ਨਿਰੰਕਾਰੀ ਦੇ ਕਤਲ, ਗੁਰਮਤ ਵਿਰੋਧੀ ਬਦਲਾ ਲਊ ਨਿਜੀ ਭਾਵਣਾ ਦੀ ਉਪਜ ਸੀ, ਅਥਵਾ, ਦੂਰਰਸ ਭਿਆਨਕ ਸਿਟਿਆਂ ਤੋਂ ਲਾਪਰਵਾਹ, ਗੁਰਮਤਿ ਤੋਂ ਅਗਿਆਨੀ, ਤਮਾਸ਼ਬੀਨ ਮਨਮੁਖਾਂ ਤੋਂ, ਵਾਹ-ਵਾ ਖੱਟਣ ਵਾਲਾ ਕੁਕਰਮ ਸੀ। ਗੁਰਮਤਿ ਦਾ ਗਿਆਤਾ, ਪੰਥ ਦਾ ਸੱਚਾ ਹਮਦਰ ਗੁਰਮੁਖ ਸੱਜਣ, ਪੰਥਕ ਫੈਸਲੇ ਦੇ ਪ੍ਰਤਿਕੂਲ, ਅਜਿਹੇ ਬੇ-ਦਲੀਲੇ ਅਤੇ ਗੀਦਿਆਂ ਵਾਲੇ ਜ਼ੁਲਮੀ ਕਾਰੇ ਨੂੰ ਕਦੇ ਪਸੰਦ ਨਹੀਂ ਕਰ ਸਕਦਾ।

ਫਿਰ ੧੯੮੩ ਵਿਚ ਸਿੰਘ ਸਾਹਿਬ ਇਸ ਕਤਲ ਦੇ ਬਦਲੇ ਬਾਬਾ ਜਰਨੈਲ ਸਿੰਘ ਜੀ ਕੋਲ ਸੋਨੇ ਨਾਲ ਤੋਲੇ ਜਾਣ ਦੇ ਲਾਲਚ ਨਾਲ ਸ੍ਰੀ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਪੁੱਜ ਗਏ ਸਨ। ਜੋ ਕੁਝ ਉਥੇ ਬਾਬਾ ਜਰਨੈਲ ਸਿੰਘ ਜੀ ਨਾਲ ਵਿਉਹਾਰ ਹੁੰਦਾ ਰਿਹਾ ਭਾਈ **ਕੰਵਰ ਸਿੰਘ,** ਜੋ ਪਿੱਛੇ ਜਿਹੇ ਰਿਹਾ ਕੀਤੇ ਗਏ ਸਨ ਕੋਲੋਂ ਸੁਣੋ। ਆਪਣੇ ਭਾਸ਼ਨਾ ਵਿਚ ਵੀ ਬਾਰ ਬਾਰ ਆਪਣੇ ਭਗੋੜੇ ਰਹਿਣ ਵਾਲੇ ਦਿਨਾਂ ਵਿਚ ਡਾਕੇ ਖੋਹਾਂ ਧੱਕੇ ਸ਼ਾਹੀ ਕਰਕੇ ਪੈਸੇ ਨਾ ਉਗਰਾਹੁਣ ਦੀ ਡੀਂਗ ਕਿਸ ਨਿਸ਼ੱਤ ਨਾਲ ਮਾਰੀ ਜਾ ਰਹੀ ਹੁੰਦੀ ਹੈ ? **(੫)** ਏਥੇ ਇੱਕ ਹੋਰ ਜ਼ਰੂਰੀ ਇਤਿਹਾਸਕ ਸਾਕਾ ਯਾਦ ਆ ਗਿਆ-- ਸਿੰਘਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਸਾਰਾ ਦਲ ਜੰਗਲਾਂ ਮਰੂ ਥਲਾਂ ਵਿਚ ਚਲਿਆ ਗਿਆ। ਕਿਸੇ ਰਾਹੀ ਨੇ ਦੂਜੇ ਨਾਲ ਗੱਲ ਕੀਤੀ--ਸ਼ੱਕ ਪੈਂਦਾ ਹੈ ਝਾੜੀਆਂ ਵਿਚ ਕੋਈ ਸਿੱਖ ਲੁਕਿਆ ਹੋਇਆ ਹੈ । ਦੂਜਾ ਝੱਟ ਬੋਲ ਪਿਆ--ਮੂਰਖਾਂ ਵਾਲੀ ਗੱਲ ਨਾ ਕਰ। ਸਿੰਘ ਅਜੇਹੀ ਗੀਦੀਆਂ ਵਾਲੀ ਜਿੰਦਗੀ ਤੋਂ ਮੌਤ ਨੂੰ ਕਈ ਗੁਣਾਂ ਵੱਧ ਚੰਗਾ ਸਮਝਦੇ ਹਨ। ਗੁਰੂ ਦੇ ਸਿੰਘਾਂ ਬਾਰੇ ਲੋਕਾਂ ਦਾ ਅਜੇਹਾ ਵਿਸ਼ਵਾਸ਼ ਬਣ ਚੁੱਕਾ ਸੁਣਦਿਆਂ ਸਾਰ ਬੋਤਾ ਸਿੰਘ ਅਤੇ ਗਰਜਾ ਸਿੰਘ ਝੱਟ ਪ੍ਰਗਟ ਹੋ ਗਏ। ਤਰਨ ਤਾਰਨ ਨੇੜੇ ਨੂਰ ਦੀ ਸਰਾਂ ਕੋਲ ਮਸੂਲ ਦੀ ਉਗ੍ਰਾਹੀ ਅਰੰਭ ਕਰਕੇ **ਖ਼ਾਲਸਾ ਰਾਜ** ਸਥਾਪਤ ਕਰ ਬੈਠੇ। ਮਹਾਨ ਕੋਸ਼ ਦੇ ੮੯੨ ਸਫ਼ੇ ਤੇ ਸੂਰਮਤਾਈ ਦੇ ਇਸ ਸਾਕੇ ਨੂੰ ਇਨ੍ਹਾਂ ਸ਼ਬਦਾਂ ਵਿਚ ਲਿਖਿਆ ਹੋਇਆ ਹੈ--**ਸੰਧੂ ਜੱਟ ਭੜਾਣੇ ਪਿੰਡ ਦਾ ਵਸਨੀਕ ਸੀ। ਇਹ ਤੇ ਗਰਜਾ ਸਿੰਘ ਮਜ਼ਹਬੀ ਸੰਮਤ ੧੭੯੬ (ਸੰਨ ੧੭੩੯] ਵਿਚ ਨੂਰੁੱਦੀਨ ਦੀ ਸਰਾਂਏ ਦੇ ਨੇੜੇ (ਦੱਲੀ ਲਹੌਰ ਦੀ ਸੜਕ ਪੁਰ) ਚਿਰ ਤੀਕ ਜ਼ਕਾਤ ਲੈਂਦੇ ਰਹੇ। ਬੋਤਾ ਸਿੰਘ ਨੇ ਇੱਕ ਚਿੱਠੀ ਖ਼ਾਨਬਹਾਦਰ ਸੂਬਾ ਲਾਹੌਰ ਨੂੰ ਜੋਸ਼ ਦੀ ਭਰੀ ਹੋਈ ਲਿਖੀ । ਜਦ ਤੁਰਕ ਫੜਨ ਆਏ ਤਾਂ ਫੌਜ ਨਾਲ ਲੜਕੇ ਦੋਵੇਂ ਸ਼ਹੀਦ ਹੋ ਗਏ ।** ਅੱਜ ਕੌਮ ਦੀ ਸਰਬਉੱਚ ਪਦਵੀ ਉਸ ਨੂੰ ਸੌਂਪ ਦਿੱਤੀ ਗਈ ਹੈ ਜੋ ਭਗਾਉੜਾ ਰਹਿਣ ਦੀ ਡੀਂਗ ਰੇਡੀਓ ਤੇ ਮਾਰਦਾ ਹੋਇਆ ਖ਼ਾਲਸਈ ਪੂਰਨਿਆਂ ਤੇ ਸੁਆਹ ਦੇ ਗੱਡੇ ਭਰ ਬਰ ਉਲਦ ਰਿਹਾ ਹੁੰਦਾ ਹੈ।

ਸੋ ਅਜੇਹਿਆਂ ਤੱਥਾਂ ਤੋਂ ਗੁਰਬਚਨੇ ਨਿਰੰਕਾਰੀ ਦਾ ਕਤਲ, ਨਿਸ਼ਕਾਮ ਸੇਵਾ ਨਾ ਰਹਿ ਕੇ ਪੰਥਕ ਸਰਮਾਏ ਨੂੰ ਲੁਟ ਖਾਣ ਦਾ ਸਾਧਨ ਬਣਾਇਆ ਗਿਆ ਸਿੱਧ ਹੋ ਰਹਾ

ਹੁੰਦਾ ਹੈ। ਟੇਪ ਸੁਣ ਕੇ ਤੁਹਾਡੇ ਸਾਰੇ ਭਰਮ ਭੁਲੇਖੇ ਦੂਰ ਹੋ ਜਾਣਗੇ । ਇਸ ਜਥੇਦਾਰ ਸਾਹਿਬ ਜੀ ਵਰਗੇ ਗੁਣ-ਹੀਨ ਹੰਕਾਰੀ ਮਨੁੱਖ ਬਾਰੇ ਸਤਿਗੁਰਾਂ ਦਾ ਫ਼ੁਰਮਾਨ **ਇਸ ਪ੍ਰਕਾਰ ਹੈ--ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥** ਅਜੇਹੇ ਮਨੁੱਖ ਦਾ ਪੰਥਕ ਜਥੇਬੰਦੀ ਵਿਚ ਰਹਿਣਾ ਕਦੇ ਵੀ ਲਾਭ-ਦਾਇਕ ਸਿੱਧ ਨਹੀਂ ਹੋਣ ਲੱਗਾ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾਸ ਲਈ ਜਦ ਅਸਹਿ ਬਣ ਗਈ ਤਾਂ ਸਿਰ ਤਲੀ ਤੇ ਰੱਖ ਕੇ--ਇਹ ਸੱਚੇ ਬਚਨ ਲਿਖੇ ਹਨ । ਦਾਸ ਨੂੰ ਪਤਾ ਹੈ ਕਿ ਝੂਠਾ ਅਗਿਆਨੀ ਮਨੁੱਖ ਸੱਚ ਦਾ ਮੁਕਾਬਲਾ ਕਿਸੇ ਸੁਚੱਜੀ ਦਲੀਲ-ਬਾਜ਼ੀ ਨਾਲ ਨਹੀਂ ਕਰ ਸਕਦਾ ਅਤੇ ਸੱਚ ਦੀ ਆਵਜ਼ ਬੰਦ ਕਰਨ ਲਈ ਕਮੀਨੇ ਹਥਿਆਰਾਂ ਦੀ ਵਰਤੋਂ ਨੂੰ ਹੀ ਧਰਮ ਮੰਨ ਬੈਠਦਾ ਹੈ। ਸਚਾਈ ਤੋਂ ਪੰਥ ਨੂੰ ਜਾਣੂ ਕਰਵਾਉਣ ਲਈ ਵਡੇ ਤੋਂ ਵਡੀ ਕੁਰਬਾਨੀ ਦੇਣ ਤੇ ਸਸਤਾ ਸੌਦਾ ਹੈ ।

## ੬) ਪੰਥਕ ਪੱਧਰ ਦੇ ਪ੍ਰਾਸਚਿਤ ਦੀ ਲੋੜ--

**ਸਤਿਗੁਰਾਂ ਦੇ ਇਸ ਘਿਣਾਵਣੇ ਤ੍ਰਿਸਕਾਰ ਦਾ ਪ੍ਰਾਸਚਿਤ ਪੰਥਕ ਤੌਰ ਤੇ ਕੀਤਾ ਜਾਣਾ ਚਾਹੀਦਾ ਹੈ।** ਜਥੇਦਾਰ ਸਾਹਿਬ ਦੇ ਅਯੋਗ ਹੁਕਮ ਦੀ ਪਰਵਾਹ ਨਾ ਕਰਦਿਆਂ ਪੰਥ ਵਿਚੋਂ ਛੇਕੇ ਜਾਣ ਵਾਲੀ ਹੀਣਤਾ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਸਤਿਗੁਰਾਂ ਦੀ ਸੇਵਾ ਕਰਦੇ ਰਹਿਣ ਵਾਲੇ ਗੁਰਮੁਖਾਂ ਨੂੰ ਸਨਮਾਨਤ ਕੀਤਾ ਜਾਣਾ ਪੰਥ ਦਾ ਜ਼ਰੂਰੀ ਧਰਮ ਬਣਦਾ ਹੈ । **ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥**--ਭਾਵ, ਬਚਨ ਕਰਕੇ ਮੁੱਕਰ ਜਾਣ ਵਾਲੇ ਨੂੰ ਸਤਿਗੁਰਾਂ ਨੇ ਸਦੀਵੀ ਝੂਠਾ ਅਥਵਾ ਪੱਕਾ ਬੇਇਤਬਾਰਾ ਫ਼ੁਰਮਾਨ ਕੀ ਹੈ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਬਚਨਾ ਤੋਂ ਖਿਸਕਣ ਲੱਗੇ ਅਥਵਾ ਝੂਠ ਗੱਲ ਬੋਲਣ ਲੱਗੇ ਜ਼ਰਾ ਵੀ ਢਿੱਲ ਜਾਂ ਝਿਜਕ ਨਹੀਂ ਕਰਦੇ । ਗੁਰਮਤਿ ਗਿਆਨ ਤੋਂ ਕੋਰੇ, ਝਟ ਪੱਟ ਅਮੀਰ ਬਣ ਜਾਣ ਲਈ ਬੇਚੈਨ ਹੋ ਰਹੇ, ਗੁੱਸੇ, ਹੰਕਾਰ ਅਤੇ ਕ੍ਰੋਧ ਦੇ ਭਾਂਬੜ ਬਣੇ ਨਜ਼ਰ ਆਉਂਦੇ ਰਹਿਣ ਵਾਲੇ, ਸਤਿਗੁਰਾਂ ਦੇ ਸੇਵਾਦਾਰਾਂ ਨੂੰ ਤਨਖਾਈਏ ਘੋਸ਼ਤ ਕਰਨ ਦੇ ਘੋਰ ਅਪਰਾਧ ਨੂੰ ਪੰਥਕ ਸੇਵਾ ਕਹਿਣ ਵਾਲੇ, **ਅਤੇ ਕਈ ਤਰ੍ਹਾਂ ਦੀ ਬਦਜ਼ਬਾਨੀ ਕਰਨ ਵਾਲੇ ਸਿੰਘ ਸਾਹਿਬ ਰਣਜੀਤ ਸਿੰਘ ਜੀ** ਨੂੰ ਤੁਰੰਤ ਸੇਵਾ ਮੁਕਤ ਕਰ ਦੇਣ ਉਪ੍ਰੰਤ ਪੰਥ ਵਿਚੋਂ ਸਦਾ ਲਈ ਛੇਕ ਦੇਣ ਜਿਹਾ ਹੁਕਮ ਕਰਨ ਲਈ ਪੰਥਕ ਫੈਸਲਾ ਕੀਤਾ ਜਾਣਾ ਹੀ ਸਤਿਗੁਰਾਂ ਦੀ ਕੀਤੀ ਜਾ ਰਹੀ ਬੇਹੁਰਮਤੀ ਦਾ ਠੀਕ ਪਸਚਾਤਾਪ ਹੈ ਅਥਵਾ ਏਸੇ ਵਿਚ ਸਮੁੱਚੇ ਪੰਥ ਦੀ ਭਲਾਈ ਹੈ ।

**[ਚਿਤਾਵਣੀ---ਜਥੇਦਾਰ ਜੀ ਦੇ ਦੁਆਲੇ ਅਜੇਹੇ--ਸੁਆਰਥੀ ਅੰਨ੍ਹੇ ਬੋਲੇ ਮਾਇਆ ਧਾਰੀਆਂ ਮਨਮੁਖ, ਦੀ ਭੀੜ ਇੱਕਠੀ ਹੁੰਦੀ ਜਾ ਰਹੀ ਹੈ ਜਿਨ੍ਹਾਂ ਨੇ ਜਥੇਦਾਰ ਜੀ ਕੁਰਸੀ ਕਾਇਮ ਰੱਖਣ ਲਈ ਹਜ਼ਾਰਾਂ ਬੇਗੁਨਾਹਾਂ ਦਾ ਸਰਬ ਨਾਸ ਕਰਨ ਨੂੰ " ਪੰਥਕ ਦੀ ਸੇਵਾ " ਘੋਸ਼ਤ ਕਰ ਦੇਣਾ ਹੈ। ਸੰਤ ਸਮਾਜ ਨੇ ਇਸ ਜਥੇਦਾਰੀ ਦੀ ਛਤਰਛਾਇਆ ਮਾਣਦਿਆਂ ਸਿੱਖੀ ਲਈ ਹੋ ਵੀ ਵੱਧ ਭਿਆਨਕ ਅਸਰਾਲ ਬਣ ਜਾਣਾ ਹੈ । ਨਾਨਕ ਸਰੀ ਬਾਬਿਆਂ ਨੂੰ ਗੁਰੂ ਨਨਕ ਜੀ ਮੰਨ ਕੇ ਮੂਰਤੀ ਪੂਜ ਬਣਦੇ ਜਾਣਾ ਦੀ ਰੁਚੀ ਨੇ ਜ਼ੋਰ ਫੜਨਾ ਹੈ। ਮਹਿਖਾਸੁਰ ਬਣ ਚੁੱਕੇ ਇਸ ਸਭ ਕੁਝ ਦੀ ਗ਼ੁਲਾਮੀ ਤੋਂ ਆਜ਼ਾਦ ਹੋਣਾ ਪੰਥ-ਦਰਦੀ ਵਿਦਵਾਨਾ ਲਈ ਅਸੰਭਵ ਬਣ ਜਾਣਾ ਹੈ ]**

**ਟੋਹੜਾ ਸਾਹਿਬ ਜੀਓ !** ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਹੈ ਕਿ ਇਹ ਸਾਰੇ ਉਪੱਦਰ ਤੁਹਾਡੀ ਛਤਰ ਛਾਇਆ ਹੇਠ ਹੋ ਰਹੇ ਹਨ। ਸਤਿਗੁਰਾਂ ਦੇ ਪਾਵਨ ਸਰੂਪਾਂ ਦੀ ਦੈਵੀ ਮੁਹੱਤਤਾ ਨੂੰ ਘਟਾਉਣ ਵਾਲੇ ਘਿਣਾਵਣੇ ਪਾਪ ਦਾ ਜੇ ਪੰਥਕ ਤੌਰ ਤੇ ਪ੍ਰਾਸਚਿਤ ਨਾ ਕਰਵਾਇਆ ਤਾਂ ਯਾਦ ਰਖਿਓ ਤੁਸਾਂ ਵੀ ਸ: ਬਲਦੇਵ ਸਿੰਘ ਵਾਂਗ ਮੌਤ ਦੇ ਬਿਸਤਰੇ ਤੇ ਪਇਆਂ ਪਛਤਾਵੇ ਦੀ ਅੱਗ ਵਿਚ ਸੜਦਿਆਂ ਹੀ ਇਸ ਸੰਸਾਰ ਤੋਂ ਜਾਣਾ ਹੈ। ਇਨ੍ਹਾਂ ਚਿਠੀਆਂ ਨੇ ਇਤਿਹਾਸਕ ਪੁਸਤਕਾਂ ਦਾ ਭਾਗ ਬਣ ਕੇ ਆਉਣ ਵਾਲੀਆਂ ਪੀਹੜੀਆਂ ਨੂੰ ਅਜੋਕੇ ਕਾਰੇ ਦੀ ਸਾਖੀ ਰੋ ਰੋ ਕੇ ਸੁਣਾਇਆ ਕਰਨੀ ਹੈ। ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਦੇ ਆਹਰ ਲੱਗੇ ਗੁਰਮੁਖਾਂ ਦੇ ਚਰਨਾਂ ਦੀ ਧੂੜ-ਦਾਸਰਾ

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

ਖਿਮਾ ਕਰਨਾ ਜੀ ਅਜੋਕੀ ਧਾਮਿਕ ਜਥੇਦਾਰੀ ਦੇ ਪੰਜ ਕਕਾਰਾਂ ਵਾਲੇ ਹਾਰ- ਸ਼ਿੰਗਾਰ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਲਿਖਣ ਤੇ ਮਜਬੂਰ ਹੋ ਗਿਆ ਹਾਂ ਜੀ:--

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥**

ਨੋਟ:-- ਇਹ ਚਿੱਠੀ ਵੈਨਕੂਵਰ ਤੋਂ ਛਪਦੇ ਅਖ਼ਬਾਰ " ਇੰਡੋ ਕੈਨੇਡੀਅਨ ਟਾਈਮਜ਼ ਵਿਚ ਛਪ ਚੁੱਕੀ ਹੈ ਜੀ